FARM AND SPICE

Open 7 Days a Week
8.30 am to 9.00 pm

SPECIAL OFFERS: 22-28 DEC

Daily Specials on

ਚੁਕੰਦਰ
Beets
$1.29 /lb

ਐਂਬ੍ਰੋਸੀਆ ਸੇਬ
Ambrosia BC Apple
99¢ /lb

ਆਵੋਕਾਡੋ
Avocado
99¢ each

ਸ਼ਿਮਲਾ ਮਿਰਚ
Green Pepper
$1.49 /lb

ਸੇਬ ਲਾਲ ਬੀ ਸੀ
Gala Red Delicious BC
99¢ /lb

ਫੀਜ਼ੀ ਪੇਠਾ
Fiji Pumpkin
$1.49 /lb

ਗਾਲਾ ਸੇਬ
Gala BC Apple
99¢ /lb

ਅਨਾਰ
Pomegranate
$2.49 each

ਪਾਲਕ
Spinach
$1.49 /each

ਸਰੋਂ ਦਾ ਤੇਲ
Gagan
Mustard Oil
250ml $1.49 each
1ltr $4.99 each

ਐਸੋਟਿਡ ਰੱਸ
Aap Ki Pasand
Assorted Rusk
600g $3.99 each

ਸਰੋਂ ਦਾ ਸਾਗ
Sohna
Saron Da Saag
850g $3.99 each

ਮੇਰੀ ਚਾਹ
Meri Chai
Tea Bags
216Bags $5.49 each

ਹੀਰ ਵੇਸਣ
Heer Besan
4lb $3.99 each

ਅਖਰੋਟ
Walnuts
Bulk
$4.49 /lb

ਪਾਰਲੀਮੈਂਟ ਚਾਵਲ
Parliament
Basmati Rice
8 lb $7.99 each

ਇੰਡੀਆ ਐਟ ਹੋਮ ਚਾਵਲ
India at Home
Basmati Rice
8lb $7.99 each

ਹੀਰ ਖੰਡ
Heer Sugar
White/Brown
8 lb $7.99 each

ਕ੍ਰਾਉਨ ਤੇਲ
Crown
Sunflower Oil
3 ltr $12.99 each

AMA Products at
lowest Price

Disposable 7' Spoons
20pcs $1.29 each

7' Round Plates
40pcs $3.99 each

9 oz paper cups
50pcs $3.99 each

6 Compartment cornstarch trays
40pcs $9.99 each

#9546-9548 Scott Town Plaza 96 Ave Scott Road Surrey
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323

*while supply last

# ਘੱਟ ਗਿਣਤੀਆਂ ਦੇ ਲੋਕ ਭਾਰਤ ਵਿੱਚ ਦੂਜੇ ਦਰਜੇ ਦੇ ਨਾਗਰਿਕਾਂ ਦੇ ਬਣੇ

ਨਵੀਂ ਦਿੱਲੀ:ਭਾਰਤ ਵਿੱਚ ਹਰ ਸਾਲ 18 ਦਸੰਬਰ ਨੂੰ ਘੱਟ ਗਿਣਤੀ ਅਧਿਕਾਰ ਦਿਵਸ ਮਨਾਇਆ ਜਾਂਦਾ ਹੈ ਪਰ ਦੇਸ਼ ਵਿੱਚ ਘੱਟ ਗਿਣਤੀਆਂ ਨੂੰ ਦੂਜੇ ਦਰਜੇ ਦੇ ਨਾਗਰਿਕਾਂ ਦਾ ਸ਼ਿਕਾਰ ਬਣਾਇਆ ਜਾਂਦਾ ਰਿਹਾ ਹੈ। ਜਾਰੀ ਕੀਤੀ ਗਈ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਫਾਸ਼ੀਵਾਦੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤੀ ਜਨਤਾ ਪਾਰਟੀ ਸ਼ਾਸਨ ਭਾਰਤ ਵਿੱਚ ਘੱਟ ਗਿਣਤੀਆਂ ਵਿਰੁੱਧ ਆਰਐਸਐਸ ਦੀ ਵਿਚਾਰਧਾਰਾ ਨੂੰ ਲਗਾਤਾਰ ਲਾਗੂ ਕਰ ਰਹੀ ਹੈ ਅਤੇ ਇਸ ਦੀਆਂ ਵਿਤਕਰੇ ਭਰੀਆਂ ਨੀਤੀਆਂ ਨੇ ਭਾਰਤੀ ਘੱਟ ਗਿਣਤੀਆਂ ਨੂੰ ਕੰਧ ਨਾਲ ਧੱਕ ਦਿੱਤਾ ਹੈ।




ਇਸ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਮੁਸਲਮਾਨ, ਸਿੱਖ, ਈਸਾਈ ਅਤੇ ਨੀਵੀਂ ਜਾਤੀ ਦੇ ਹਿੰਦੂ ਮਨੁੱਖਾਂ ਨਾਲੋਂ ਵੀ 'ਬਦਤਰ' ਜੀਵਨ ਬਤੀਤ ਕਰਨ ਲਈ ਮਜਬੂਰ ਹਨ।21 ਅਪ੍ਰੈਲ, 2022 ਨੂੰ, ਹੈਦਰਾਬਾਦ ਰਾਜ ਵਿੱਚ ਮੁਸਲਮਾਨਾਂ ਦੇ 50,000 ਘਰ ਢਾਹ ਦਿੱਤੇ ਗਏ ਸਨ, ਅਤੇ 2023 ਵਿੱਚ, ਭਾਰਤ ਦੇ 23 ਰਾਜਾਂ ਵਿੱਚ ਈਸਾਈਆਂ ਵਿਰੁੱਧ ਹਿੰਸਾ ਦੀਆਂ 400 ਘਟਨਾਵਾਂ ਸਾਹਮਣੇ ਆਈਆਂ ਸਨ, ਇਸ ਨੇ ਨਿੰਦਾ ਕੀਤੀ। 25 ਅਗਸਤ ਨੂੰ, ਭਾਰਤੀ ਕੱਟੜਪੰਥੀਆਂ ਨੇ ਉੜੀਸਾ ਦੇ ਕੰਧਮਾਲ ਜ਼ਿਲ੍ਹੇ ਵਿੱਚ ਸੈਂਕੜੇ ਈਸਾਈਆਂ ਨੂੰ ਮਾਰ ਦਿੱਤਾ ਅਤੇ 600 ਪਿੰਡਾਂ ਨੂੰ ਸਾੜ ਦਿੱਤਾ।ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 1984 ਵਿੱਚ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਸਿੱਖ ਦੰਗੇ ਤੇਜ਼ ਹੋ ਗਏ ਸਨ, ਜਿਸ ਵਿੱਚ ਲਗਭਗ 17,000 ਸਿੱਖ ਮਾਰੇ ਗਏ ਸਨ।ਅਮਰੀਕੀ ਧਾਰਮਿਕ ਸੁਤੰਤਰਤਾ ਕਮਿਸ਼ਨ ਦੇ ਮੁਖੀ ਨੇ ਕਿਹਾ ਕਿ ਮੋਦੀ ਸ਼ਾਸਨ 'ਚ ਭਾਰਤ 'ਚ ਧਾਰਮਿਕ ਆਜ਼ਾਦੀ 'ਚ ਭਾਰੀ ਗਿਰਾਵਟ ਆਈ ਹੈ।ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2020 ਤੋਂ, ਅਮਰੀਕੀ ਧਾਰਮਿਕ ਮਾਮਲਿਆਂ ਦੇ ਕਮਿਸ਼ਨ ਨੇ ਭਾਰਤ ਨੂੰ ਚਿੰਤਾ ਵਾਲੇ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਹੈ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਭਾਰਤ ਨੂੰ ਘੱਟ ਗਿਣਤੀਆਂ ਲਈ ਖਤਰਨਾਕ ਦੇਸ਼ ਐਲਾਨਿਆ ਹੈ।ਇਸ ਵਿਚ ਕਿਹਾ ਗਿਆ ਹੈ ਕਿ ਹਿੰਦੂਤਵ ਬਿਰਤਾਂਤ ਹੁਣ ਦੁਨੀਆ ਦੇ ਅਖੌਤੀ ਸਭ ਤੋਂ ਵੱਡੇ ਲੋਕਤੰਤਰ ਵਿਚ ਖਤਰਨਾਕ ਤੌਰ 'ਤੇ ਵੱਧ ਰਿਹਾ ਰੁਝਾਨ ਹੈ, ਜਿਸ ਨਾਲ ਦੇਸ਼ ਵਿਚ ਘੱਟ ਗਿਣਤੀਆਂ ਵਿਰੁੱਧ ਹਿੰਸਾ, ਡਰਾਉਣ-ਧਮਕਾਉਣਾ ਅਤੇ ਪਰੇਸ਼ਾਨ ਕਰਨਾ ਦਿਨ ਦਾ ਕ੍ਰਮ ਬਣ ਗਿਆ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮੋਦੀ ਦੇ ਅਧੀਨ ਭਾਰਤ ਵਿੱਚ ਮੁਸਲਮਾਨਾਂ ਅਤੇ ਹੋਰ ਘੱਟ ਗਿਣਤੀਆਂ ਵਿਰੁੱਧ ਨ਼ਫਰਤੀ ਅਪਰਾਧ ਚਿੰਤਾਜਨਕ ਤੌਰ 'ਤੇ ਵਧੇ ਹਨ ਅਤੇ ਘੱਟ ਗਿਣਤੀਆਂ ਨੂੰ ਠੱਗ ਮੋਦੀ ਦੇ ਸ਼ਾਸਨ ਵਿੱਚ ਭਾਰਤ ਵਿੱਚ ਲਗਾਤਾਰ ਸ਼ਿਕਾਰ ਬਣਾਇਆ ਜਾ ਰਿਹਾ ਹੈ।ਇਸ ਵਿਚ ਕਿਹਾ ਗਿਆ ਹੈ ਕਿ ਭਾਰਤ ਵਿਚ ਘੱਟ ਗਿਣਤੀਆਂ ਦੀ ਦੁਰਦਸ਼ਾ ਨੂੰ ਗਲੋਬਲ ਰਾਈਟਸ ਵਾਚਡੌਗ ਦੁਆਰਾ ਜਾਰੀ ਕੀਤੀਆਂ ਗਈਆਂ ਰਿਪੋਰਟਾਂ ਵਿਚ ਅਕਸਰ ਉਜਾਗਰ ਕੀਤਾ ਜਾਂਦਾ ਹੈ ਅਤੇ ਇਹ ਸਮਾਂ ਆ ਗਿਆ ਹੈ ਕਿ ਵਿਸ਼ਵ ਭਾਰਤੀ ਘੱਟ ਗਿਣਤੀਆਂ ਦੇ ਬੁਨਿਆਦੀ ਮਨੁੱਖੀ ਅਧਿਕਾਰਾਂ ਨੂੰ ਯਕੀਨੀ ਬਣਾਉਣ ਲਈ ਕਾਰਵਾਈ ਕਰੇ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਹਿੰਦੂਤਵ ਹਮਲੇ ਤੋਂ ਮੁਸਲਮਾਨਾਂ ਅਤੇ ਸਿੱਖਾਂ ਸਮੇਤ ਘੱਟ ਗਿਣਤੀਆਂ ਨੂੰ ਬਚਾਉਣ ਲਈ ਵਿਸ਼ਵ ਅਧਿਕਾਰ ਸੰਸਥਾਵਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਭਾਰਤ ਵਿੱਚ ਘੱਟ ਗਿਣਤੀਆਂ ਦੀ ਦੁਰਦਸ਼ਾ ਦਾ ਨੋਟਿਸ ਲੈਣਾ ਚਾਹੀਦਾ ਹੈ।

# ਗੋਦੀ ਮੀਡੀਆ ਦੀ ਬੇਈਮਾਨੀ




ਕੈਨੇਡਾ ਤੋਂ "ਰਾਜ ਕੁਮਾਰ" ਨਾਂ ਦਾ ਇੱਕ ਟਰੱਕ ਡਰਾਈਵਰ (ਅਸੀਂ ਹਿੰਦੂ ਨਹੀਂ ਲਿਖ ਰਹੇ, ਬੇਸ਼ੱਕ ਹੈ ਉਹ ਹਿੰਦੂ) ਡਰੱਗ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤਾ ਗਿਆ ਹੈ, ਜੋ ਭਗੌੜਾ ਹੋ ਗਿਆ ਹੈ, ਪਰ ਗਲਤ ਖਬਰਾਂ ਦਾ ਸਿਰਾ ਲਾਉਂਦਿਆਂ ਹੋਇਆਂ,ਜੱਗ ਬਾਣੀ ਅੱਗ ਬਾਣੀ, ਟਰਿਬਿਊਨ ਆਦਿ ਵੱਲੋਂ ਇਸ ਨੂੰ ''ਸਿੱਖ'' ਲਿਖ ਕੇ ਸੁਰਖੀ ਬਣਾਈ ਗਈ ਹੈ। ਇਹ ਪਹਿਲੀ ਵਾਰ ਨਹੀਂ, ਪਿਛਲੇ ਦੋ ਮਹੀਨਿਆਂ 'ਚ ਘੱਟੋ ਘੱਟ ਦਰਜਨ ਐਸੀਆਂ ਖਬਰਾਂ ਹਨ, ਜਿੰਨਾ ਚ ਸਿੱਖ ਲਿਖ ਕੇ ਗਲਤ, ਪ੍ਰਾਪੋਗੰਡਾ ਕੀਤਾ ਗਿਆ। ਸਾਡੀਆਂ ਸੰਸਥਾਵਾਂ ਮੂੰਹ 'ਚ ਘੁੰਗਣੀਆਂ ਪਾਈ ਬੈਠੀਆਂ ਹਨ, ਜਦਕਿ ਇਹ ਪੰਜਾਬ ਚ ਝੂਠਾ ਪਰਾਪੋਗੰਡਾ ਹੋ ਰਿਹਾ ਹੈ। ਜਲੰਧਰ ਅਤੇ ਚੰਡੀਗੜ੍ਹ ਤੋਂ ਪ੍ਰਕਾਸ਼ਤ ਹੁੰਦੇ ਅਤੇ ਅਜਿਹੇ ਹੋਰਨਾਂ ਅਖਬਾਰਾਂ ਰਾਹੀਂ ਜੋ ਸਿੱਖ ਵਿਰੋਧੀ ਪ੍ਰਚਾਰ ਹੋ ਰਿਹਾ ਹੈ, ਇਸ ਦਾ ਤੁਰੰਤ ਨੋਟਿਸ ਲੈ ਕੇ ਕਾਰਵਾਈ ਕਰਨੀ ਚਾਹੀਦੀ ਹੈ। ਨਹੀਂ ਤਾਂ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਆਦਿ ਨੂੰ ਆਪਣੇ ਅਹੁਦਿਆਂ ਨੂੰ ਛੱਡ ਦੇਣਾ ਚਾਹੀਦਾ ਹੈ। ਇਹਨਾਂ ਸੰਸਥਾਵਾਂ 'ਤੇ ਸਮੁੱਚੀ ਸਿੱਖ ਕੌਮ ਦਾ ਭਾਰੀ ਇਤਰਾਜ਼ ਹੈ।ਜੇ ਓਹ ਵਿਆਕਤੀ ਭਾਰਤੀ ਪਾਸਪੋਰਟ ਤੇ ਵਾਪਸ ਗਿਆ ਹੈ ਤਾਂ ਉਸਨੂੰ ਭਾਰਤੀ ਕਿਉ ਨਹੀਂ ਲਿਖਿਆ ਕਿਹਾ ਜਾਂਦਾ ? ਅਖ਼ਬਾਰੀ ਰੁਝਾਨ ਖ਼ਾਸ ਏਜੰਡੇ ਤਹਿਤ ਕਮੀਨਗੀ ਜਾਹਿਰ ਕਰਦਿਆਂ ਸਰਕਾਰੀ ਹੱਥਾਂ ਚ ਖੇਲ ਰਹੇ ਹਨ ਅਤੇ ਆਵਦੇ ਕਿੱਤੇ ਨਾਲ ਵੀ ਬੇਈਮਾਨੀ ਕਰ ਰਹੇ ਹਨ।ਗੋਦੀ ਮੀਡੀਏ ਅਤੇ ਸਰਕਾਰ ਪ੍ਰਸਤਾਂ ਦੀ ਸੋਚ ਇਹੀ ਹੈ।

**-ਡਾ. ਗੁਰਵਿੰਦਰ ਸਿੰਘ**

BADH
Accounting Services
26 Years Experience in Accounting
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654



# 1393 - 20800 - WESTMINSTER HWY, RICHMOND, BC
Jasbir Singh Badh

Charlesworth
insurance services ltd.
Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer
ICBC autoplan
"For Fast, Friendly and Reliable Service!"



Phone:
604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4

KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ
Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures All kinds of Signs and Decals
ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ
ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਅਡਵਾਨੀ ਅਤੇ ਜੋਸ਼ੀ ਨੂੰ ਰਾਮ ਮੰਦਰ ਸਮਾਰੋਹ ‘ਚ ਸ਼ਾਮਲ ਨਾ ਹੋਣ ਦੀ ਬੇਨਤੀ ਕੀਤੀ ਗਈ: ਰਾਮ ਮੰਦਰ ਟਰੱਸਟ



ਅਯੁੱਧਿਆ:ਅਯੁੱਧਿਆ ‘ਚ ਰਾਮ ਮੰਦਰ ਲਈ ਅੰਦੋਲਨ ਦੀ ਅਗਵਾਈ ’ਚ ਅੱਗੇ ਰਹੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੀਨੀਅਰ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਅਤੇ ਮੁਰਲੀ ਮਨੋਹਰ ਜੋਸ਼ੀ ਦੇ ਸਿਹਤ ਅਤੇ ਉਮਰ ਸਬੰਧੀ ਕਾਰਨਾਂ ਕਰ ਕੇ ਅਗਲੇ ਮਹੀਨੇ ਮੰਦਰ ਦੇ ਸਥਾਪਨਾ ਸਮਾਰੋਹ ‘ਚ ਸ਼ਾਮਲ ਹੋਣ ਦੀ ਸੰਭਾਵਨਾ ਨਹੀਂ ਹੈ। ਮੰਦਰ ਟਰੱਸਟ ਨੇ ਇਹ ਜਾਣਕਾਰੀ ਦਿਤੀ।

ਪ੍ਰਾਣ ਪ੍ਰਤਿਸ਼ਠਾ ਦੀ ਪੂਜਾ 16 ਜਨਵਰੀ ਤੋਂ ਸ਼ੁਰੂ ਹੋਵੇਗੀ ਅਤੇ 22 ਜਨਵਰੀ ਤਕ ਚੱਲੇਗੀ। ਜਿਸ ’ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼ਾਮਲ ਹੋਣਗੇ।’’

ਉਨ੍ਹਾਂ ਨੇ ਇਸ ਪ੍ਰੋਗਰਾਮ ’ਚ ਸੱਦੇ ਗਏ ਲੋਕਾਂ ਦਾ ਵਿਸਤ੍ਰਿਤ ਵੇਰਵਾ ਦਿੰਦਿਆਂ ਕਿਹਾ, ‘‘ਦੋਵੇਂ (ਅਡਵਾਨੀ ਅਤੇ ਜੋਸ਼ੀ) ਪਰਿਵਾਰ ਦੇ ਬਜ਼ੁਰਗ ਹਨ ਅਤੇ ਉਨ੍ਹਾਂ ਦੀ ਉਮਰ ਨੂੰ ਵੇਖਦੇ ਹੋਏ ਉਨ੍ਹਾਂ ਨੂੰ ਨਾ ਆਉਣ ਦੀ ਬੇਨਤੀ ਕੀਤੀ ਗਈ ਹੈ, ਜਿਸ ਨੂੰ ਦੋਵਾਂ ਨੇ ਮਨਜ਼ੂਰ ਕਰ ਲਿਆ ਹੈ।’’

ਅਡਵਾਨੀ ਹੁਣ 96 ਸਾਲ ਦੇ ਹੋ ਗਏ ਹਨ ਜਦਕਿ ਜੋਸ਼ੀ ਅਗਲੇ ਮਹੀਨੇ 90 ਸਾਲ ਦੇ ਹੋ ਜਾਣਗੇ। ਉਨ੍ਹਾਂ ਕਿਹਾ ਕਿ ਵੱਖ-ਵੱਖ ਪਰੰਪਰਾਵਾਂ ਦੇ 150 ਸੰਤਾਂ ਅਤੇ ਸੰਤਾਂ ਅਤੇ ਛੇ ਦਾਰਸ਼ਨਿਕ ਪਰੰਪਰਾਵਾਂ ਦੇ ਸ਼ੰਕਰਾਚਾਰੀਆ ਸਮੇਤ 13 ਅਖਾੜੇ ਇਸ ਪ੍ਰੋਗਰਾਮ ਵਿਚ ਹਿੱਸਾ ਲੈਣਗੇ। ਇਸ ਪ੍ਰੋਗਰਾਮ ’ਚ ਲਗਭਗ ਚਾਰ ਹਜ਼ਾਰ ਸੰਤਾਂ ਨੂੰ ਸੱਦਾ ਦਿਤਾ ਗਿਆ ਹੈ। ਇਸ ਤੋਂ ਇਲਾਵਾ 2200 ਹੋਰ ਮਹਿਮਾਨਾਂ ਨੂੰ ਵੀ ਸੱਦਾ ਭੇਜਿਆ ਗਿਆ ਹੈ।

ਰਾਏ ਨੇ ਕਿਹਾ ਕਿ ਕਾਸ਼ੀ ਵਿਸ਼ਵਨਾਥ, ਵੈਸ਼ਨੋ ਦੇਵੀ ਵਰਗੇ ਪ੍ਰਮੁੱਖ ਮੰਦਰਾਂ ਦੇ ਮੁਖੀਆਂ, ਧਾਰਮਿਕ ਅਤੇ ਸੰਵਿਧਾਨਕ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਵੀ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਧਿਆਤਮਕ ਨੇਤਾ ਦਲਾਈ ਲਾਮਾ, ਕੇਰਲ ਮਾਤਾ ਅੰਮ੍ਰਿਤਾਨੰਦਮਈ, ਯੋਗ ਗੁਰੂ ਬਾਬਾ ਰਾਮਦੇਵ, ਅਦਾਕਾਰ ਰਜਨੀਕਾਂਤ, ਅਮਿਤਾਭ ਬੱਚਨ, ਮਾਧੁਰੀ ਦੀਕਸ਼ਿਤ, ਅਰੁਣ ਗੋਵਿਲ, ਫਿਲਮ ਨਿਰਦੇਸ਼ਕ ਮਧੁਰ ਭੰਡਾਰਕਰ, ਉਦਯੋਗਪਤੀ ਮੁਕੇਸ਼ ਅੰਬਾਨੀ, ਅਨਿਲ ਅੰਬਾਨੀ, ਪ੍ਰਸਿੱਧ ਚਿੱਤਰਕਾਰ ਵਾਸੂਦੇਵ ਕਾਮਤ, ਇਸਰੋ ਨਿਰਦੇਸ਼ਕ ਨੀਲੇਸ਼ ਦੇਸਾਈ ਅਤੇ ਕਈ ਹੋਰ ਉੱਘੀਆਂ ਸ਼ਖਸੀਅਤਾਂ ਇਸ ਸਮਾਰੋਹ ‘ਚ ਮੌਜੂਦ ਰਹਿਣਗੀਆਂ। ਪ੍ਰਤਿਸ਼ਠਾ ਸਮਾਰੋਹ ਤੋਂ ਬਾਅਦ ਉੱਤਰੀ ਭਾਰਤ ਦੀ ਪਰੰਪਰਾ ਅਨੁਸਾਰ 24 ਜਨਵਰੀ ਤੋਂ 48 ਦਿਨਾਂ ਲਈ ਮੰਡਲ ਪੂਜਾ ਕੀਤੀ ਜਾਵੇਗੀ। ਇਸ ਦੇ ਨਾਲ ਹੀ ਆਮ ਲੋਕ 23 ਜਨਵਰੀ ਤੋਂ ਰਾਮਲਲਾ ਦੇ ਦਰਸ਼ਨ ਕਰ ਸਕਣਗੇ।

ਉਨ੍ਹਾਂ ਕਿਹਾ ਕਿ ਰਾਮ ਕਥਾ ਕੁੰਜ ਲਾਂਘੇ ਨੂੰ ਭਗਵਾਨ ਰਾਮ ਦੇ ਜੀਵਨ ‘ਤੇ ਅਧਾਰਤ 108 ਐਪੀਸੋਡਾਂ ਰਾਹੀਂ ਸਜਾਇਆ ਜਾਵੇਗਾ। ਇਸ ਤੋਂ ਇਲਾਵਾ ਯਾਤਰੀ ਸੁਵਿਧਾ ਕੇਂਦਰ ਦੇ ਰੂਟ ‘ਤੇ ਲਾਂਘੇ ਨੂੰ ਵੀ ਸਜਾਇਆ ਜਾਵੇਗਾ।

# ਮਮਤਾ ਬੈਨਰਜੀ ਤੋਂ ਬਾਅਦ ਅਰਵਿੰਦ ਕੇਜਰੀਵਾਲ ਨੇ ਕੇਂਦਰ ਸਰਕਾਰ ‘ਤੇ ਫੰਡ ਰੋਕਣ ਦਾ ਦੋਸ਼ ਲਗਾਇਆ



ਨਵੀਂ ਦਿੱਲੀ: ਆਮ ਆਦਮੀ ਪਾਰਟੀ (ਆਪ) ਦੇ ਮੁਖੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾ ਕਿ ਕੇਂਦਰ ਪੰਜਾਬ ਵਿੱਚ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਨੂੰ ਰੋਕਣ ਲਈ ਪੰਜਾਬ ਦੇ ਫੰਡ ਰੋਕ ਰਿਹਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਅਤੇ ਕਾਂਗਰਸ ਸਰਕਾਰਾਂ ਪੰਜਾਬ ਦਾ ਭਲਾ ਨਹੀਂ ਚਾਹੁੰਦੀਆਂ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦੇ ਸਿਆਸੀ ਵਿਰੋਧੀਆਂ ਨੇ ਕੇਂਦਰ ਸਰਕਾਰ ਨੂੰ ਪੰਜਾਬ ਸਰਕਾਰ ਦੇ ਫੰਡ ਰੋਕਣ ਲਈ ਕਿਹਾ ਹੈ।

ਕੇਜਰੀਵਾਲ ਨੇ ਕਿਹਾ, ‘ਸਾਰੀਆਂ ਪਾਰਟੀਆਂ ਪਰੇਸ਼ਾਨ ਹਨ ਅਤੇ ਉਹ ਸਾਡੇ ਖਿਲਾਫ ਹੋ ਗਈਆਂ ਹਨ। ਉਨ੍ਹਾਂ ਇਕੱਠੇ ਹੋ ਕੇ ਕੇਂਦਰ ਕੋਲ ਪਹੁੰਚ ਕੀਤੀ ਅਤੇ ਉਨ੍ਹਾਂ ਨੂੰ ਕਿਹਾ ਕਿ ਸਾਡਾ ਕੰਮ ਬੰਦ ਕਰਨ ਲਈ ਕੁਝ ਕੀਤਾ ਜਾਵੇ। (ਉਸਨੇ ਕੇਂਦਰ ਨੂੰ ਕਿਹਾ) ਉਹਨਾਂ ਨੂੰ (ਤੁਹਾਨੂੰ) ਕੰਮ ਨਾ ਕਰਨ ਦਿਓ। ਜੇ ਤੁਸੀਂ ਇੰਨਾ ਕੰਮ ਕਰੋਗੇ ਤਾਂ ਅਸੀਂ (ਵਿਰੋਧੀ ਪਾਰਟੀਆਂ) ਬਰਬਾਦ ਹੋ ਜਾਵਾਂਗੇ।

ਉਨ੍ਹਾਂ ਕਿਹਾ, ‘ਇਹ ਸਾਰੀਆਂ ਪਾਰਟੀਆਂ ਕੇਂਦਰ ਵਿੱਚ ਜਾ ਕੇ ਗੰਦੇ ਕੰਮ ਕਰਦੀਆਂ ਹਨ। ਉਸ ਨੇ ਸਿਹਤ ਲਈ ਪੰਜਾਬ ਦੇ ਫੰਡ ਬੰਦ ਕਰ ਦਿੱਤੇ। ਵਰਨਣਯੋਗ ਹੈ ਕਿ ਮਮਤਾ ਬੈਨਰਜੀ ਨੇ ਵੀ ਹਾਲ ‘ਚ ਕਿਹਾ ਸੀ ਕਿ ਕੇਂਦਰ ਸਰਕਾਰ ਸੂਬੇ ‘ਚ ਸਮਾਜ ਭਲਾਈ ਸਕੀਮਾਂ ਲਈ ਫੰਡ ਮੁਹੱਈਆ ਕਰਵਾਏ ਜਾਂ ਅਸਤੀਫਾ ਦੇ ਦੇਵੇ। ਉਨ੍ਹਾਂ ਨੇ ਪਿਛਲੇ ਹਫਤੇ ਕਿਹਾ ਸੀ, ‘ਕੇਂਦਰ ਸਾਡੇ ਹਿੱਸੇ ਦਾ ਜੀਐਸਟੀ ਨਹੀਂ ਦੇ ਰਿਹਾ ਹੈ। ਇਹ ਸਾਨੂੰ ਆਵਾਸ ਅਤੇ ਪੇਂਡੂ ਰੁਜ਼ਗਾਰ ਯੋਜਨਾਵਾਂ ਲਈ ਫੰਡ ਨਹੀਂ ਦੇ ਰਿਹਾ ਹੈ। ਕਈ ਮੁੱਦਿਆਂ ‘ਤੇ ਆਮ ਆਦਮੀ ਪਾਰਟੀ ਅਤੇ ਭਾਜਪਾ ਵਿਚਾਲੇ ਟਕਰਾਅ ਚੱਲ ਰਿਹਾ ਹੈ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



CANRISE IMMIGRATION
www.canriseimmigration.com
778-565-1717

CANRISE IMMIGRATION

SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
ICCRC CRCIC



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਵਿਆਹਾਂ ‘ਤੇ ਗੁਰਦੁਆਰੇ ‘ਚ ਸਲਵਾਰ ਕਮੀਜ਼ ਪਾਉਣ ਬਾਰੇ ਜਾਰੀ ਗੁਰਮਤਾ



ਹਜ਼ੂਰ ਸਾਹਿਬ:-ਹਾਲ ਹੀ ਵਿੱਚ ਨਾਂਦੇੜ ਵਿਚਲੇ ਇਤਿਹਾਸਕ ਗੁਰਦੁਆਰਾ ਸਾਹਿਬ ਵਿੱਚ ਸਿੱਖ ਰਹੁ-ਰੀਤਾਂ ਮੁਤਾਬਕ ਹੁੰਦੇ ਵਿਆਹਾਂ ਬਾਰੇ ਇੱਕ ਗੁਰਮਤਾ ਪਾਸ ਕੀਤਾ ਗਿਆ ਹੈ। ਇਹ ਗੁਰਦੁਆਰਾ ਸਾਹਿਬ ਸਿੱਖ ਧਰਮ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਹੈ। ਇਸ ਥਾਂ ਉੱਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦਾ ਅੰਤਿਮ ਸਮਾਂ ਬਿਤਾਇਆ ਸੀ, ਉਹ ਇੱਥੇ ਹੀ ਜੋਤੀ ਜੋਤ ਸਮਾਏ ਸਨ। ਇਹ ਗੁਰਮਤਾ ਪੰਜ ਸਿੰਘ ਸਾਹਿਬਾਨਾਂ ਵੱਲੋਂ ਪਾਸ ਕੀਤਾ ਗਿਆ। ਚੇਤੇ ਰਹੇ ਇਸੇ ਸਾਲ ਅਕਤੂਬਰ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਡੈਸਟੀਨੇਸ਼ਨ ਵੈਡਿੰਗ ‘ਤੇ ਰੋਕ ਲਾਉਣ ਬਾਰੇ ਹੁਕਮਨਾਮਾ ਜਾਰੀ ਕੀਤਾ ਗਿਆ ਸੀ। ਗੁਰਮਤੇ ਵਿੱਚ ਕਿਹਾ ਗਿਆ ਕਿ ਹਰ ਸਿੱਖ ਦਾ ਇਹ ਕਰਤੱਵ ਬਣਦਾ ਹੈ ਕਿ ਉਹ ਆਪਣੇ ਬੱਚੇ-ਬੱਚੀਆਂ ਦਾ ਵਿਆਹ ਸਿੱਖ ਰਹੁ-ਰੀਤਾਂ ਮੁਤਾਬਕ ਕਰਨ। ਸੱਦਾ ਪੱਤਰ ਤੇ ਲਿਫਾਫੇ ਅੰਦਰ ਅਤੇ ਬਾਹਰ ਬੱਚਾ-ਬੱਚੀ ਦੇ ਨਾਂਅ ਦੇ ਨਾਲ ਸਿੰਘ ਅਤੇ ਕੌਰ ਲਿਖਿਆ ਜਾਵੇ। ਜਦੋਂ ਬੱਚੀ ਲਾਵਾਂ ਫੇਰੇ ਲੈਣ ਲਈ ਆਉਂਦੀ ਹੈ ਤੇ ਸਿਰ ਉੱਤੇ ਚੁੰਨੀ ਦਾ ਛਤਰ ਨਾ ਕੀਤਾ ਜਾਵੇ। ਲਾਵਾਂ ਵੇਲੇ ਬੱਚੀ ਦੀ ਪੌਸ਼ਾਕ ਸਿੱਖ ਰਹੁ ਰੀਤਾਂ ਅਨੁਸਾਰ ਸਲਵਾਰ ਕਮੀਜ਼ ਅਤੇ ਚੁੰਨੀ ਹੋਣੀ ਚਾਹੀਦੀ ਹੈ। “ਲਾਵਾਂ ਫੇਰੇ ਮੌਕੇ ਬੱਚੀ ਦੇ ਕੱਪੜੇ ਵੱਡੇ-ਵੱਡੇ ਘਾਗਰੇ ਹੁੰਦੇ ਹਨ ਜਿਸ ਕਰਕੇ ਮੱਥਾ ਟੇਕਣਾ ਔਖਾ ਹੁੰਦਾ ਹੈ।”ਇਸ ਮਗਰੋਂ ਕਿਹਾ ਗਿਆ, “ਇਸ ਗੁਰਮਤੇ ਉੱਤੇ ਹਰੇਕ ਸਿੱਖ ਨੂੰ ਅਮਲ ਕਰਨਾ ਚਾਹੀਦਾ ਹੈ ਤੇ ਜੋ ਇਸ ਦੇ ਉਲਟ ਜਾਵੇਗਾ ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ।”

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਹੋਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾ ਨੇ ਵੀ ਮੀਡੀਆ ਨੂੰ ਦਿੱਤੇ ਆਪਣੇ ਬਿਆਨਾਂ ਵਿੱਚ ਇਸ ਗੁਰਮਤੇ ਦੀ ਸ਼ਲਾਘਾ ਕੀਤੀ ਅਤੇ ਇਸ ਨੂੰ ਸਹੀ ਆਖਿਆ ਗਿਆ ਹੈ। ਹੁਸ਼ਿਆਰਪੁਰ ਪਹੁੰਚੇ ਐੱਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਸਿੰਘ ਸਾਹਿਬਾਨ ਕੋਈ ਵੀ ਹੁਕਮਨਾਮਾ ਜਾਰੀ ਕਰ ਸਕਦੇ ਹਨ ਅਤੇ ਉਨ੍ਹਾਂ ਨੂੰ ਵਿਅਕਤੀਗਤ ਤੌਰ ਉੱਤੇ ਇਹ ਹੱਕ ਹੈ। ਗੁਰਮਤੇ ਬਾਰੇ ਬੋਲਦਿਆਂ ਧਾਮੀ ਨੇ ਕਿਹਾ, ‘‘ਉਨ੍ਹਾਂ ਨੇ ਗੁਰਮਤਾ ਕੀਤਾ ਕਿ ਸਾਦੀ ਸਲਵਾਰ-ਕਮੀਜ਼ ਪਹਿਨੀ ਜਾਵੇ। ਮੈਂ ਸਮਝਦਾ ਹਾਂ ਕਿ ਇਹੀ ਸਾਡੀ ਪੁਰਾਣੀ ਮਰਿਆਦਾ ਵੀ ਰਹੀ ਹੈ।’’

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਕਿਰਨਜੋਤ ਕੌਰ ਨੇ ਕਿਹਾ ਕਿ, “ਸਿੱਖ ਧਰਮ ਵਿੱਚ ਵਿਆਹ ਲਈ ਆਨੰਦ ਕਾਰਜ ਇੱਕ ਪਵਿੱਤਰ ਰਸਮ ਹੈ, ਕਈ ਵਾਰ ਖ਼ਾਸ ਕਿਸਮ ਦੇ ਲਹਿੰਗੇ ਪਾਉਣ ਕਾਰਨ ਆਨੰਦ ਕਾਰਜ ਮੌਕੇ ਉੱਠਣ ਬੈਠਣ ਵਿੱਚ ਮੁਸ਼ਕਲ ਆਉਂਦੀ ਹੈ। ਇਹ ਇੱਕ ਧਾਰਮਿਕ ਮੁੱਦਾ ਹੈ।“

ਜਿੱਥੇ ਇਸ ਬਾਰੇ ਪੰਜਾਬ ਵਿੱਚ ਰਹਿੰਦੇ ਨੌਜਵਾਨ ‘ਐਕਸ’ ਸਣੇ ਹੋਰ ਸੋਸ਼ਲ ਮੀਡੀਆ ਮੰਚਾਂ ’ਤੇ ਆਪਣੇ ਵਿਚਾਰ ਰੱਖ ਰਹੇ ਹਨ, ਓਥੇ ਹੀ ਭਾਰਤ ਤੋਂ ਬਾਹਰ ਪੱਛਮੀ ਮੁਲਕਾਂ ਵਿੱਚ ਰਹਿੰਦੇ ਨੌਜਵਾਨ ਵੀ ਇਸ ਬਾਰੇ ਚਰਚਾ ਕਰ ਰਹੇ ਹਨ। ਕਿਰਨ ਨਾਂ ਦੇ ਇੱਕ ਸੋਸ਼ਲ ਮੀਡੀਆ ਯੂਜ਼ਰ ਨੇ ਲਿਖਿਆ ਕਿ ਲਹਿੰਗਾ ਪਾ ਕਿ ਮੱਥਾ ਟੇਕਣਾ ਬਹੁਤ ਮੁਸ਼ਕਲ ਅਤੇ ਚਿੰਤਾ ਵਧਾਉਣ ਵਾਲਾ ਕੰਮ ਹੈ। “ਮੈਨੂੰ ਲੱਗਦਾ ਹੈ ਕਿ ਇਸਦਾ (ਗੁਰਮਤਾ) ਦਾ ਮਤਲਬ ਹੈ ਕਿ ਵਿਆਹ ਵਿੱਚ ਆਏ ਮਹਿਮਾਨ ਵੀ ਲਹਿੰਗਾ ਨਹੀਂ ਪਾ ਸਕਦੇ, ਜੇ ਇਮਾਨਦਾਰੀ ਨਾਲ ਆਖਾਂ ਦਾ ਮੈਨੂੰ ਨਿਯਮਾਂ ਦੇ ਬਦਲਣ ‘ਤੇ ਕੋਈ ਇਤਰਾਜ਼ ਨਹੀਂ ਹੈ।”ਉਨ੍ਹਾਂ ਲਿਖਿਆ ਕਿ ਉਹ ਨਾਮ ਨਾਲ ਸਿੰਘ ਜਾਂ ਕੌਰ ਲਾਉਣ ਅਤੇ ਲੜਕੀ ਦੇ ਸਿਰ ‘ਤੇ ਚੁੰਨੀ ਕਰਕੇ ਗੁਰਦੁਆਰੇ ਲੈ ਕੇ ਆਉਣ ਬਾਰੇ ਕੀਤੀ ਗਈ ਮਨਾਹੀ ਨਾਲ ਸਹਿਮਤ ਹਨ। ਉੱਥੇ ਹੀ ਕਿਰਨ ਨਾਂ ਦੇ ਇੱਕ ਦੂਜੇ ਸੋਸ਼ਲ ਮੀਡੀਆ ਯੂਜ਼ਰ ਨੇ ਵੀਡੀਓ ਸਾਂਝੀ ਕਰਦੇ ਲਿਖਿਆ, “ਮੈਂ ਬਹੁਤ ਅਜਿਹੇ ਵਿਆਹਾਂ ’ਤੇ ਗਈ ਹਾਂ ਜਿੱਥੇ ਲਾੜੀਆਂ ਨੇ ਸਧਾਰਣ ਲਹਿੰਦੇ ਪਾਏ ਹੁੰਦੇ ਹਨ ਅਤੇ ਉਨ੍ਹਾਂ ਨੂੰ ਤੁਰਨ ਵਿੱਚ ਕੋਈ ਮੁਸ਼ਕਲ ਨਹੀਂ ਹੁੰਦੀ।”

ਇੱਕ ਹੋਰ ਯੂਜ਼ਰ ਮਨਜੀਤ ਕੌਰ ਗਿੱਲ ਨੇ ਲਿਖਿਆ, “ਜੇਕਰ ਤੁਹਾਡਾ ਲਹਿੰਗਾ ‘ਬੌਲ ਗਾਊਨ’ ਹੈ ਤਾਂ ਤੁਹਾਡਾ ਆਪਣੇ ਆਪ ਉੱਠ ਕੇ ਖੜ੍ਹੇ ਹੋਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ, ਖ਼ਾਸ ਕਰਕੇ ਲਾਵਾਂ ਵਿੱਚ ਲਹਿੰਗਾ ☞


ਲਰਨਿੰਗ ਲਾਇਸੈਂਸ

A TO Z DRIVING SCHOOL

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL

Lucky: 604-614-5365

Unit 15 - 8388 128 St., Surrey



ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

ਇਸ ਹਫਤੇ ਦੇ ਪ੍ਰੋਗਰਾਮ



23 ਦਸੰਬਰ ਦਿਨ ਸ਼ਨਿਚਰਵਾਰ ਵੱਡੇ ਅਤੇ ਛੋਟੇ ਸਾਹਿਬਜਾਦਿਆਂ ਤੇ ਮਾਤਾ ਗੁਜਰ ਕੌਰ ਜੀ ਤੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਸ੍ਰੀ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ ਭੋਗ 25 ਦਸੰਬਰ ਦਿਨ ਸੋਮਵਾਰ ਸਵੇਰੇ 9 ਵਜੇ ਪਾਏ ਜਾਣਗੇ। ਅਖੰਡਪਾਠ ਸਾਹਿਬ ਦੀ ਸੇਵਾ ਹੇਠ ਲਿਖੇ ਪਰਿਵਾਰਾਂ ਵੱਲੋਂ ਹੋਵੇਗੀ:
1. ਦੀਪ ਟਾਇਰ ਕੰਪਨੀ ਵੱਲੋਂ 2. ਕੁਲਵਿੰਦਰ ਸਿੰਘ ਤੇ ਕੁਲਵੀਰ ਕੌਰ ਪਰਿਵਾਰ ਵੱਲੋਂ
3. ਅਕਾਲ ਡੀਜਲ ਕੰਪਨੀ ਵੱਲੋਂ 4. ਸੁਖਦੇਵ ਸਿੰਘ ਬੋਪਰਾਏ ਪਰਿਵਾਰ ਵੱਲੋਂ ਭੋਗ ਉਪਰੰਤ ਖੁੱਲ੍ਹੇ ਦੀਵਾਨ ਸਜਣਗੇ।
27 ਦਸੰਬਰ ਤੋਂ ਲੜੀਵਾਰ ਅਖੰਡਪਾਠ ਸਾਹਿਬ ਆਰੰਭ ਹੋਣਗੇ ਜਿਸਦੀ ਸੇਵਾ ਭਾਈ ਦੀਦਾਰ ਸਿੰਘ ਪਰਿਵਾਰ ਵੱਲੋਂ ਹੋਵੇਗੀ। 29 ਦਸੰਬਰ ਭੋਗ ਉਪਰੰਤ ਦੀਵਾਨ ਸਜਣਗੇ।
29 ਦਸੰਬਰ ਨੂੰ ਭਾਈ ਗੁਰਜੰਟ ਸਿੰਘ ਤੇ ਪਵਿੱਤਰ ਕੌਰ ਖੱਟੜਾ ਪਰਿਵਾਰ ਵੱਲੋਂ ਪਾਠ ਆਰੰਭ ਹੋਣਗੇ ਅਤੇ ਭੋਗ 31 ਦਸੰਬਰ ਨੂੰ ਪਾਏ ਜਾਣਗੇ। ਸਾਰਾ ਦਿਨ ਦੀਵਾਨ ਸਜਣਗੇ। ਰਾਤ 12.15 ਵਜੇ ਨਵੇਂ ਸਾਲ ਦੀ ਆਰੰਭਤਾ ਦੀ ਅਰਦਾਸ ਹੋਵੇਗੀ।
ਨੋਟ:1 ਦਸੰਬਰ ਤੋਂ 4 ਫਰਵਰੀ ਤੱਕ ਰੋਜਾਨਾ ਸਿਮਰਨ ਬਾਬਾ ਜਗਜੀਤ ਸਿੰਘ ਖਾਰੇ ਵਾਲੇ ਅਤੇ ਭਾਈ ਕੁਲਦੀਪ ਸਿੰਘ ਰਸੀਲਾ ਸਮੂਹ ਸੰਗਤੀ ਰੂਪ ਵਿਚ ਸ਼ਾਮ 5.30 ਤੋਂ 6.30 ਵਜੇ ਤੱਕ ਕਰਿਆ ਕਰਨਗੇ, ਉਪਰੰਤ ਗੁਰਬਾਣੀ ਕਥਾ ਭਾਈ ਜਸਵੀਰ ਸਿੰਘ ਜੀ ਖੜਗ ਸ਼ਾਮ 6.30 ਤੋ 7.15 ਵਜੇ ਤੱਕ ਰੋਜਾਨਾ ਕਰਨਗੇ।
ਨੋਟ:1 ਦਸੰਬਰ ਤੋਂ 27 ਦਸੰਬਰ ਤੱਕ ਸਾਹਿਬਜਾਦੇ ਅਤੇ ਮਾਤਾ ਗੁਜਰ ਕੌਰ ਤੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਹਰ ਰੋਜ ਸ਼ਾਮ 5.30 ਤੋਂ 6.30 ਵਜੇ ਤੱਕ ਗੁਰਮੰਤਰ ਦੇ ਜਾਪ ਸੰਗਤੀ ਰੂਪ ਵਿਚ ਹੋਣਗੇ। 27 ਦਸੰਬਰ ਤੋਂ 4 ਫਰਵਰੀ ਤੱਕ ਸੰਤ ਬਾਬਾ ਅਤਰ ਸਿੰਘ ਮਸਤੂਆਣੇ ਵਾਲਿਆਂ ਦੀ ਸਾਲਾਨਾ ਬਰਸੀ ਤੇ ਜਾਪ ਹੋਣਗੇ। 27 ਦਸੰਬਰ ਤੋਂ 4 ਫਰਵਰੀ ਤੱਕ ਨਿਰੰਤਰ ਅਖੰਡ ਪਾਠ ਸਾਹਿਬ ਚੱਲਣਗੇ। ਸੰਗਤਾਂ ਪਹੁੰਚ ਕੇ ਲਾਹੇ ਪ੍ਰਾਪਤ ਕਰਨੇ ਜੀ।

ਰਾਗੀ ਜੱਥੇ: ਭਾਈ ਕੁਲਦੀਪ ਸਿੰਘ ਰਸੀਲਾ
ਕਥਾਵਾਚਕ: ਭਾਈ ਜਸਵੀਰ ਸਿੰਘ ਖੜਗ
ਤਬਲਾ ਸਿੱਖਣ ਲਈ ਸੰਪਰਕ ਕਰੋ: 604-413-7171

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007

ਰੋਜਾਨਾ ਦੇ ਪ੍ਰੋਗਰਾਮ

ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਕੈਨੇਡਾ ‘ਚ ਰਿਵਰਸ ਇੰਮੀਗ੍ਰੇਸ਼ਨ ਹੋਇਆ ਸ਼ੁਰੂ, 6 ਮਹੀਨਿਆਂ ‘ਚ 42 ਹਜ਼ਾਰ ਲੋਕਾਂ ਨੇ ਛੱਡੀ ਨਾਗਰਿਕਤਾ

ਆਟਵਾ:ਕੈਨੇਡਾ ਜਾ ਕੇ ਕੁਝ ਵੱਡਾ ਕਰਨ ਦਾ ਸੁਪਨਾ ਹੁਣ ਜ਼ਿਆਦਾਤਰ ਪ੍ਰਵਾਸੀਆਂ ਲਈ ਰੋਜ਼ੀ-ਰੋਟੀ ਅਤੇ ਬਚਾਅ ਦੀ ਲੜਾਈ ਬਣ ਰਿਹਾ ਹੈ। ਇੱਕ ਪਾਸੇ ਕੈਨੇਡਾ ਦੇ ਵੱਡੇ ਸ਼ਹਿਰਾਂ ਵਿੱਚ ਅਪਰਾਧੀਆਂ ਅਤੇ ਗੈਂਗਸਟਰਾਂ ਦਾ ਪ੍ਰਭਾਵ ਵਧਣਾ ਸ਼ੁਰੂ ਹੋ ਗਿਆ ਹੈ। ਇਸ ਦੇ ਨਾਲ ਹੀ ਬੈਂਕ ਵਿਆਜ ਦਰਾਂ ਅਤੇ ਮਕਾਨਾਂ ਦੀਆਂ ਕੀਮਤਾਂ ਅਸਮਾਨ ਨੂੰ ਛੂਹਣ ਲੱਗੀਆਂ ਹਨ। ਇਸ ਕਾਰਨ ਕੈਨੇਡਾ ਵਿੱਚ ਰਿਵਰਸ ਇਮੀਗ੍ਰੇਸ਼ਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ।

ਇਸ ਸਾਲ ਸ਼ੁਰੂਆਤੀ 6 ਮਹੀਨਿਆਂ ਵਿਚ 42 ਹਜ਼ਾਰ ਲੋਕਾਂ ਨੇ ਕੈਨੇਡਾ ਦੀ ਸਥਾਈ ਨਾਗਰਿਕਤਾ ਛੱਡੀ ਹੈ। ਇਸ ਵਿਚ ਭਾਰਤੀ ਤੇ ਗੈਰ-ਭਾਰਤੀ ਦੋਵੇਂ ਸ਼ਾਮਲ ਹਨ।2022 ਵਿਚ ਇਹ ਗਿਣਤੀ 93,818 ਸੀ। ਕੈਨੇਡਾ ਸਰਕਾਰ ਦੇ ਇਮੀਗ੍ਰੇਸ਼ਨ ਵਿਭਾਗ ਦੇ ਅੰਕੜਿਆਂ ਮੁਤਾਬਕ ਇਸ ਤੋਂ ਪਹਿਲਾਂ 2021 ਵਿਚ 85927 ਲੋਕਾਂ ਨੇ ਕੈਨੇਡਾ ਛੱਡਿਆ ਸੀ। ਇਨ੍ਹਾਂ ਵਿਚ ਵੱਡੀ ਗਿਣਤੀ ਪੰਜਾਬੀਆਂ ਦੀ ਹੈ। ਸਟੱਡੀ ਅਬ੍ਰਾਡ ਐਜੂਕੇਸ਼ਨ ਸੰਸਥਾ ਦੇ ਸਾਬਕਾ ਪ੍ਰਧਾਨ ਸੁਕਾਂਤ ਤ੍ਰਿਵੇਦੀ ਦਾ ਕਹਿਣਾ ਹੈ ਕਿ ਕਾਫੀ ਗਿਣਤੀ ਵਿਚ ਲੋਕ ਕੈਨੇਡਾ ਵਿਚ ਪੀਆਰ ਛੱਡ ਕੇ ਵਾਪਸ ਆ ਰਹੇ ਹਨ। ਗੈਂਗਸਟਰਾਂ ਨੂੰ ਸ਼ਰਨ ਦੇਣ ਨਾਲ ਕੈਨੇਡਾ ਵਿਚ ਅਪਰਾਧ ਦਾ ਗਰਾਫ ਤੇਜ਼ੀ ਨਾਲ ਵਧ ਰਿਹਾ ਹੈ। ਰਿਹਾਇਸ਼ੀ ਮਕਾਨਾਂਦੀ ਗਿਣਤੀ ਘੱਟ ਹੋਣ ਦੀ ਵਜ੍ਹਾ ਨਾਲ ਘਰਾਂ ਦੇ ਕਿਰਾਏ ਤੇਜ਼ੀ ਨਾਲ ਵਧ ਰਹੇ ਹਨ। ਲੋਕਾਂ ਦੀ ਜਿੰਨੀ ਕਮਾਈ ਹੈ ਉਸਦਾ 30 ਫੀਸਦੀ ਹਿੱਸਾ ਉਨ੍ਹਾਂ ਨੂੰ ਸਿਰਫ ਮਕਾਨ ਦੇ ਕਿਰਾਏ ਵਿਚ ਚੁਕਾਉਣਾ ਪੈ ਰਿਹਾ ਹੈ। ਟਰੂਡੋ ਸਰਕਾਰ ਵਿਚ ਕਾਫੀ ਕੁਝ ਮਹਿੰਗਾ ਹੋਇਆ ਹੈ। ਪਹਿਲਾਂ ਬੈਂਕ ਵਿਆਜ ਦਰ 1.5 ਫੀਸਦੀ ਪ੍ਰਤੀ ਸਾਲ ਹੁੰਦੀ ਸੀ ਜੋ ਅੱਜ 8.5 ਫੀਸਦੀ ਪਹੁੰਚ ਗਈ ਹੈ।

---

☞ ਪਾਉਣਾ, ਜੋ ਕਿ ਤੁਹਾਡੀ ਜ਼ਿੰਦਗੀ ਦੇ ਸਭ ਤੋਂ ਅਹਿਮ ਦਿਨਾਂ ਵਿੱਚੋਂ ਇੱਕ ਹੈ, ਵਿਹਾਰਕ ਨਹੀਂ ਹੈ।ਐੱਮ ਸਿੰਘ ਨਾਂ ਦੇ ਇੱਕ ਹੋਰ ਯੂਜ਼ਰ ਨੇ ਲਿਖਿਆ, “ਲਹਿੰਗੇ ਉੱਤੇ ਖ਼ਾਸ ਤੌਰ ’ਤੇ ਪਾਬੰਦੀ ਲਾਉਣੀ ਸਹੀ ਫ਼ੈਸਲਾ ਨਹੀਂ ਹੈ, ਉਨ੍ਹਾਂ ਦਾ ਮਤਲਬ ਹੈ ਕਿ ਅਜਿਹੇ ਕੱਪੜੇ ਪਾਉਣੇ ਚਾਹੀਦੇ ਹਨ ਜਿਹੜੇ ਸਧਾਰਣ ਹੋਣ, ਜਦੋਂ ਮੇਰਾ ਅਤੇ ਮੇਰੀ ਪਤਨੀ ਦਾ ਆਨੰਦ ਕਾਰਜ ਹੋਇਆ ਤਾਂ ਉਨ੍ਹਾਂ ਨੇ ਜਿਹੜਾ ਲਹਿੰਗਾ ਪਾਇਆ ਉਸ ਵਿੱਚ ਉਨ੍ਹਾਂ ਦਾ ਸਰੀਰ ਢਕਿਆ ਹੋਇਆ ਸੀ।”

“ਲਹਿੰਗਾ ਹੋਣ ਦੇ ਬਾਵਜੂਦ ਇਹ ਇੱਕ ਸਧਾਰਣ ਪੌਸ਼ਾਕ ਸੀ।ਇੰਦਰਪਾਲ ਸਿੰਘ ਨਾਲ ਦੇ ਇੱਕ ਯੂਜ਼ਰ ਨੇ ਲਿਖਿਆ, “ਲਹਿੰਗੇ ਬਾਰੇ ਹੁਕਮ ਥੋੜ੍ਹਾ ਸਖ਼ਤ ਹੈ, ਬਾਕੀ ਪਹਿਲਾਂ ਤੋਂ ਹੀ ਲਾਗੂ ਮਰਿਆਦਾ ਦੇ ਮੁਤਾਬਕ ਹੈ।ਇੱਕ ਹੋਰ ਯੂਜ਼ਰ ਅੰਬੀ ਨੇ ਲਿਖਿਆਂ ਕਿ ਉਹ ਡੈਸਟੀਨੇਸ਼ਨ ਵੈਡਿੰਗ ’ਤੇ ਰੋਕ ਲਾਏ ਜਾਣ ਨਾਲ ਸਹਿਮਤ ਹਨ ਪਰ ਲਹਿੰਗੇ ’ਤੇ ਲਾਈ ਪਾਬੰਦੀ ਬਾਰੇ ਉਨ੍ਹਾਂ ਨੂੰ ਸਮਝ ਨਹੀਂ ਆ ਰਿਹਾ।

# ਭਾਰਤੀ ਜੱਜ ਵੱਲੋਂ ਸਵੈਇੱਛਤ ਮੌਤ ਦੀ ਮੰਗ

ਲਖਨਊ:-ਉੱਤਰ ਪ੍ਰਦੇਸ਼ ਦੇ ਬਾਂਦਾ ‘ਚ ਤਾਇਨਾਤ ਇੱਕ ਮਹਿਲਾ ਸਿਵਲ ਜੱਜ ਨੇ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਨੂੰ ਪੱਤਰ ਲਿਖ ਕੇ ਸਵੈਇੱਛਤ ਮੌਤ ਮੰਗੀ ਹੈ। ਹੈਰਾਨ ਕਰ ਦੇਣ ਵਾਲੇ ਇਸ ਮਾਮਲੇ ਵਿਚ ਮਹਿਲਾ ਜੱਜ ਨੇ ਚੀਫ ਜਸਟਿਸ ਨੂੰ ਦੱਸਿਆ ਕਿ ਜ਼ਿਲ੍ਹਾ ਜੱਜ ਵੱਲੋਂ ਉਸਦਾ ਮਾਨਸਿਕ ਤੇ ਜਿਣਸੀ ਸੋਸ਼ਣ ਕੀਤਾ ਜਾ ਰਿਹਾ ਹੈ। ਉਹ ਇਸ ਦੀਆਂ ਕਈ ਵਾਰ ਸ਼ਿਕਾਇਤਾਂ ਕਰ ਚੁੱਕੀ ਹੈ ਪਰ ਉਸਦੀ ਕੋਈ ਸੁਣਵਾਈ ਨਹੀਂ ਹੋਈ। ਮਹਿਲਾ ਜੱਜ ਨੇ ਚਿੱਠੀ ਲਿੱਖ ਕੇ ਕਿਹਾ ਹੈ ਕਿ ਲੋਕ ਉਸ ਤੋਂ ਨਿਆਂ ਦੀ ਮੰਗ ਕਰਨ ਆਉਂਦੇ ਨੇ ਅਤੇ ਉਹ ਤਾਂ ਆਪਣੇ ਆਪ ਨਾਲ ਨਿਆ ਨਹੀਂ ਕਰ ਪਾ ਰਹੀ। ਭਰੀ ਅਦਾਲਤ ਵਿੱਚ ਉਸ ਨਾਲ ਸ਼ੋਸ਼ਣ ਹੋਇਆ ਹੈ। ਜ਼ਿਲ੍ਹਾ ਜੱਜ ਦੀ ਸ਼ਿਕਾਇਤ ਉਸ ਨੇ ਸੀਨੀਅਰ ਜੱਜਾਂ ਕੋਲ ਕੀਤੀ ਪਰ 8 ਸਕਿੰਟ ਵਿੱਚ ਉਸ ਦੀ ਸ਼ਿਕਾਇਤ ਖਾਰਜ ਕਰ ਦਿੱਤੀ ਗਈ। ਇਸੇ ਲਈ ਹੁਣ ਉਸਨੇ ਚੀਫ ਜਸਟਿਸ ਨੂੰ ਪੱਤਰ ਲਿਖ ਕੇ ਆਪਣੇ ਲਈ ਮੌਤ ਮੰਗੀ ਹੈ।


ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*

SPOUSAL SPONSORSHIP*

STUDY- WORK PERMIT & LMIA*

CIC REFUSAL APPEAL CASES*

PR & CITIZENSHIP APPLICATION*

INDIAN VISA-NAME CHANGE APPLICATION

PCC-OCI-RTI APPLICATIONS

IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097

By Appointment Only

#202-12677-80AVE SURREY

GOLDEN STAR PAINTING

ਸਾਨੂੰ ਵਰਕਰਾਂ ਦੀ ਲੋੜ ਹੈ

ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ



Free Estimate

ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ

ਭੁਪਿੰਦਰ ਸਿੰਘ ਗਿੱਲ:604-897-5750

SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711

Harmanpreet Kaur

Punjabi Singer

ਵਿਆਹ ਸ਼ਾਦੀ, ਲੇਡੀਜ਼ ਸੰਗੀਤ ਜਾਗੋ, ਮਾਈਆਂ, ਘੋੜੀਆਂ, ਸੁਹਾਗ, ਪੰਜਾਬੀ ਮੇਲਾ, ਸ਼ੋਅ ਆਦਿ ਦੀ ਬੁਕਿੰਗ ਲਈ ਸੰਪਰਕ ਕਰੋ



Winner of Awaaz Punjabi
Voice of Punjab
India Got Talent
BEST IN PUNJAB FOLK SONGS

Ph:236-881-1276

Email:meriawaaz.music@gmail.com

YouTube harmanpreetofficial

# ਧਾਰਾ 370 'ਬਾਰੇ ਸੁਪਰੀਮ ਕੋਰਟ ਦੇ ਫ਼ੈਸਲੇ 'ਤੇ ਸਵਾਲ ਕਿਉਂ ਚੁੱਕ ਰਹੇ ਹਨ ਮਾਹਿਰ?

ਦਿੱਲੀ:-ਸੁਪਰੀਮ ਕੋਰਟ ਨੇ 11 ਦਸੰਬਰ ਨੂੰ ਜੰਮੂ ਕਸ਼ਮੀਰ ਵਿੱਚ ਧਾਰਾ 370 ਖ਼ਤਮ ਕਰਨ ਅਤੇ ਸੂਬੇ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ 'ਚ ਵੰਡਣ ਨਾਲ ਜੁੜੇ ਮਾਮਲੇ ਬਾਰੇ ਆਪਣਾ ਫ਼ੈਸਲਾ ਸੁਣਾਇਆ ਸੀ।ਸੁਪਰੀਮ ਕੋਰਨ ਨੇ ਆਪਣਾ ਫ਼ੈਸਲਾ ਕੇਂਦਰ ਸਰਕਾਰ ਦੇ ਪੱਖ 'ਚ ਦਿੱਤਾ ਸੀ।ਸੁਪਰੀਮ ਕੋਰਟ ਨੇ ਇਹ ਵੀ ਕਿਹਾ ਸੀ ਕਿ ਅਗਲੇ ਸਾਲ ਸਤੰਬਰ ਤੱਕ ਜੰਮੂ-ਕਸ਼ਮੀਰ ਵਿੱਚ ਚੋਣਾਂ ਕਰਵਾਉਣ ਲਈ ਕਦਮ ਚੁੱਕੇ ਜਾਣੇ ਚਾਹੀਦੇ ਹਨ।ਸੁਪਰੀਮ ਕੋਰਟ ਨੇ ਕਿਹਾ ਸੀ ਕਿ ਜੰਮੂ-ਕਸ਼ਮੀਰ ਨੂੰ ਪੂਰੇ ਸੂਬੇ ਦਾ ਦਰਜਾ ਜਿੰਨੀ ਜਲਦੀ ਬਹਾਲ ਕੀਤਾ ਜਾ ਸਕਦਾ ਹੈ, ਕਰ ਦੇਣਾ ਚਾਹੀਦਾ ਹੈ।ਇਸ ਮਾਮਲੇ ਵਿੱਚ ਸੁਪਰੀਮ ਕੋਰਟ ਸਾਹਮਣੇ ਸਭ ਤੋਂ ਅਹਿਮ ਸਵਾਲ ਸੀ ਕਿ ਕੀ ਕੇਂਦਰ ਸਰਕਾਰ ਕਿਸੇ ਸੂਬੇ ਵਿੱਚ ਰਾਸ਼ਟਰਪਤੀ ਸ਼ਾਸਨ ਦੌਰਾਨ ਉਸ ਨੂੰ ਦੋ ਕੇਂਦਰ ਸ਼ਾਸਿਤ ਸੂਬਿਆਂ ਵਿੱਚ ਵੰਡ ਸਕਦਾ ਹੈ।ਭਵਿੱਖ 'ਚ ਇਸ ਸਵਾਲ ਦੇ ਬਹੁਤ ਅਹਿਮ ਨਤੀਜੇ ਹੋਣ ਵਾਲੇ ਹਨ ਕਿਉਂਕਿ ਇਸ ਨੇ ਕੇਂਦਰ ਦੇ ਹੱਥ ਵਿੱਚ ਇੱਕ ਅਜਿਹਾ ਹਥਿਆਰ ਦੇ ਦਿੱਤਾ ਹੈ ਕਿ ਉਹ ਪਹਿਲਾਂ ਰਾਸ਼ਟਰਪਤੀ ਸ਼ਾਸਨ ਲਾਗੂ ਕਰੇ ਅਤੇ ਫ਼ਿਰ ਪਰੇ ਸੂਬੇ ਜਾਂ ਉਸ ਦੇ ਇੱਕ ਹਿੱਸੇ ਨੂੰ ਕੇਂਦਰ ਸ਼ਾਸਿਤ ਸੂਬੇ ਵਿੱਚ ਬਦਲ ਦੇਵੇ।ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਡੀ ਵਾਈ ਚੰਦਰਚੂੜ ਦੀ ਪ੍ਰਧਾਨਗੀ ਵਾਲੀ ਪੰਜ ਜੱਜਾਂ ਦੀ ਬੈਂਚ ਦਾ ਫੈਸਲਾ ਕਈ ਕਾਨੂੰਨੀ ਮਾਹਰਾਂ ਅਤੇ ਵਿਰੋਧੀ ਆਗੂਆਂ ਅਨੁਸਾਰ ਇਹ ਫ਼ੈਸਲਾ ਸੂਬਿਆਂ ਉੱਤੇ ਕੇਂਦਰ ਦੇ ਕੰਟਰੋਲ ਨੂੰ ਵਧਾ ਦਿੰਦਾ ਹੈ ਅਤੇ ਸੰਘੀ ਢਾਂਚੇ ਨੂੰ ਕਮਜ਼ੋਰ ਕਰਦਾ ਹੈ।ਸੰਘੀ ਢਾਂਚੇ ਦਾ ਮੁੱਦਾ ਭਾਰਤ ਵਿੱਚ ਬਹੁਤ ਵਿਵਾਦਾਂ ਭਰਿਆ ਰਿਹਾ ਹੈ। ਕਈ ਸੂਬਿਆਂ ਨੇ ਕੇਂਦਰ ਉੱਤੇ ਉਨ੍ਹਾਂ ਦੀਆਂ ਸ਼ਕਤੀਆਂ ਨੂੰ ਖੋਹਣ ਦੇ ਇਲਜ਼ਾਮ ਲਗਾਏ ਹਨ।ਕਈ ਸੂਬਾ ਸਰਕਾਰਾਂ ਨੇ ਕੇਂਦਰ ਵੱਲੋਂ ਨਿਯੁਕਤ ਰਾਜਪਾਲਾਂ ਉੱਤੇ ਬਿੱਲਾਂ ਨੂੰ ਰੋਕ ਕੇ ਬੈਠੇ ਰਹਿਣ ਦੇ ਇਲਜ਼ਾਮ ਲਗਾਏ ਹਨ।ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦਾ ਦਾਅਵਾ ਹੈ ਕਿ ਕੇਂਦਰ ਨੇ ਕਲਿਆਣਕਾਰੀ ਯੋਜਵਾਨਾਂ ਲਈ ਸੁਨਿਸ਼ਚਿਤ ਫੰਡ ਅਤੇ ਜੀਐੱਸਟੀ ਵਿੱਚ 1.15 ਲੱਖ ਕਰੋੜ ਦੀ ਹਿੱਸੇਦਾਰੀ ਨੂੰ ਰੋਕ ਰੱਖਿਆ ਹੈ।ਇਸ ਤੋਂ ਇਲਾਵਾ, ਵਨ ਨੇਸ਼ਨ ਵਨ ਇਲੈਕਸ਼ਨ ਦੇ ਵਿਚਾਰ ਨੇ ਇਸ ਡਰ ਨੂੰ ਵਧਾ ਦਿੱਤਾ ਹੈ ਕਿ ਦੇਸ਼ ਦੀ ਰਾਜਨੀਤੀ ਹੋਰ ਜ਼ਿਆਦਾ ਇੱਕੋ ਥਾਂ ਕੇਂਦਰਿਤ ਹੋ ਜਾਵੇਗੀ।ਸੁਪਰੀਮ ਕੋਰਟ ਤੋਂ ਰਿਟਾਇਰਡ ਜਸਟਿਸ ਰੋਹਿੰਟਰ ਨਰੀਮਨ ਨੇ 30ਵੇਂ ਸ਼੍ਰੀਮਤੀ ਬੰਸਾਰੀ ਸੇਠ ਏਂਡੋਅਮੈਂਟ ਲੈਕਚਰ ਵਿੱਚ ਕਿਹਾ, "ਹਾਲ ਹੀ ਵਿੱਚ ਆਏ ਸੁਪਰੀਮ ਕੋਰਟ ਦੇ ਇਸ ਫ਼ੈਸਲੇ ਦਾ ਸੰਘੀ ਢਾਂਚੇ ਉੱਤੇ ਬਹੁਤ ਡੂੰਘਾ ਅਸਰ ਪੈਣ ਵਾਲਾ ਹੈ, ਜੰਮੂ ਅਤੇ ਕਸ਼ਮੀਰ ਦੀ ਵੰਡ ਧਾਰਾ 365(5) ਤੋਂ ਬਚਣ ਦੇ ਲਈ ਕੀਤੀ ਗਈ ਸੀ।" "ਕਿਉਂਕਿ ਸੰਵਿਧਾਨ ਦੀ ਇਹ ਧਾਰਾ ਕਹਿੰਦੀ ਹੈ ਕਿ ਕਿਸੇ ਵੀ ਰਾਜ ਵਿੱਚ ਰਾਸ਼ਟਰਪਤੀ ਸ਼ਾਸਨ ਇੱਕ ਸਾਲ ਤੋਂ ਜ਼ਿਆਦਾ ਲਾਗੂ ਨਹੀਂ ਕੀਤਾ ਜਾ ਸਕਦਾ, ਇਸ ਲਈ ਸੂਬੇ ਨੂੰ ਕੇਂਦਰ ਸ਼ਾਸਤ ਪ੍ਰਦੇਸ਼ਾਂ 'ਚ



ਵੰਡ ਦਿੱਤਾ ਗਿਆ, ਜਿਸ ਨਾਲ ਉੱਥੇ ਕੇਂਦਰ ਦਾ ਸਿੱਧਾ ਕੰਟਰੋਲ ਹੋਵੇ।"

ਰਿਟਾਇਰਡ ਜਸਟਿਸ ਰੋਹਿੰਟਨ ਨਰੀਮਨ ਨੇ ਕਿਹਾ, "ਇਹ ਕਹਿਣਾ ਵੀ ਅਸਲ ਵਿੱਚ ਇੱਕ ਫ਼ੈਸਲਾ ਹੀ ਹੈ ਕਿ ਅਸੀਂ ਕੋਈ ਫ਼ੈਸਲਾ ਨਹੀਂ ਕਰਾਂਗੇ, ਤੁਸੀਂ ਇੱਕ ਅਸੰਵਿਧਾਨਕ ਐਕਟ ਨੂੰ ਅਨਿਸ਼ਚਿਤ ਕਾਲ ਦੇ ਲਈ ਜਾਰੀ ਰੱਖਣ ਦੀ ਇਜ਼ਾਜ਼ਤ ਦਿੱਤੀ ਹੈ, ਇਹ ਬਹੁਤ ਪ੍ਰੇਸ਼ਾਨ ਕਰਨ ਵਾਲੀ ਹੈ।ਸੁਪਰੀਮ ਕੋਰਟ ਦੇ ਰਿਟਾਇਰਡ ਜੱਜ ਮਦਨ ਲੋਕੁਰ ਨੇ 'ਦਿ ਵਾਇਰ' ਦੇ ਨਾਲ ਇੱਕ ਇੰਟਰਵਿਊ 'ਚ ਕਿਹਾ, "ਸੁਪਰੀਮ ਕੋਰਟ ਦਾ ਇਹ ਫ਼ੈਸਲਾ ਸਮਝ ਤੋਂ ਪਰੇ ਹੈ, ਧਾਰਾ 370 'ਚ ਸੋਧ ਨਹੀਂ ਕੀਤੀ ਜਾ ਸਕਦੀ ਸੀ।" "ਇਸ ਮਾਮਲੇ ਵਿੱਚ ਸੁਪਰੀਮ ਕੋਰਟ ਡਾਵਾਂਡੋਲ ਹੋ ਗਿਆ ਹੈ, ਮੈਂ ਸਮਝ ਨਹੀਂ ਪਾ ਰਿਹਾ ਕਿ ਆਖ਼ਰ ਉਹ ਅਜਿਹੇ ਨਤੀਜੇ 'ਤੇ ਕਿਵੇਂ ਪਹੁੰਚ ਗਏ ਕਿ ਪੂਰਾ ਸੰਵਿਧਾਨ ਜੰਮੂ ਕਸ਼ਮੀਰ ਵਿੱਚ ਲਾਗੂ ਕੀਤਾ ਜਾ ਸਕਦਾ ਹੈ, ਅਤੇ ਧਾਰਾ 370 ਨੂੰ ਖ਼ਤਮ ਕੀਤਾ ਜਾ ਸਕਦਾ ਹੈ।"ਉਨ੍ਹਾਂ ਨੇ ਤਾਂ ਬੱਸ ਇਸ ਗੱਲ ਨੂੰ ਦੁਹਰਾਇਆ ਹੀ ਹੈ, ਮੈਂ ਉਨ੍ਹਾਂ ਦੇ ਤਰਕਾਂ ਤੋਂ ਸੰਤੁਸ਼ਟ ਨਹੀਂ ਹਾਂ, ਜੋ ਅਦਾਲਤ ਵਿੱਚ ਦਿੱਤੇ ਗਏ ਹਨ, ਮੈਂ ਅਦਾਲਤ ਦੇ ਇਸ ਫ਼ੈਸਲੇ ਤੋਂ ਨਾਖ਼ੁਸ਼ ਹਾਂ।"ਜਸਟਿਸ ਮਦਨ ਲੋਕੁਰ ਨੇ ਅੱਗੇ ਕਿਹਾ ਕਿ ਪੁਨਰਗਠਨ (ਜੰਮੂ ਕਸ਼ਮੀਰ ਨੂੰ ਵੰਡਣ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਬਣਾਉਣ) ਦੇ ਪਹਿਲੂ ਉੱਤੇ ਕੋਈ ਫ਼ੈਸਲਾ ਦੇਣਾ ਗਲਤ ਸੀ, ਉਨ੍ਹਾਂ ਨੂੰ ਇਸ 'ਤੇ ਫ਼ੈਸਲਾ ਦੇਣਾ ਚਾਹੀਦਾ ਸੀ।ਉਨ੍ਹਾਂ ਨੇ ਕਿਹਾ, "ਸਾਨੂੰ ਇਸਦੇ ਲਈ ਇੱਕ ਸਹੀ ਮਾਮਲੇ ਦਾ ਇੰਤਜ਼ਾਰ ਕਰਨਾ ਚਾਹੀਦਾ ਹੈ, ਇਸ ਮੁੱਦੇ ਉੱਤੇ ਫ਼ੈਸਲੇ ਲਈ ਇਹ ਸਭ ਤੋਂ ਸਹੀ ਮਾਮਲਾ ਸੀ।"ਜਸਟਿਸ ਲੋਕੁਰ ਨੇ ਕਿਹਾ, "ਸਿਧਾਂਤਕ ਰੂਪ ਵਿੱਚ ਇਸ ਉਦਾਹਰਨ ਦੀ ਵਰਤੋਂ (ਭਵਿੱਖ ਵਿੱਚ ਸੂਬਿਆਂ ਦਾ ਦਰਜਾ ਬਦਲਣ) ਦੇ ਲਈ ਕੀਤਾ ਜਾ ਸਕਦੀ ਹੈ।" "ਮੈਨੂੰ ਲੱਗਦਾ ਹੈ ਕਿ ਸੁਪਰੀਮ ਕੋਰਟ ਨੂੰ ਆਪਣੇ ਫ਼ੈਸਲੇ ਦੀ ਸਮੀਖਿਆ ਕਰਨੀ ਚਾਹੀਦੀ ਹੈ। ਭਾਰਤ ਦੇ ਨਾਗਰਿਕ ਦੇ ਤੌਰ 'ਤੇ ਮੈਂ ਇਸ ਫ਼ੈਸਲੇ ਉੱਤੇ ਮਾਣ ਨਹੀਂ ਕਰ ਸਕਦਾ।"ਸਰਕਾਰ ਦੇ ਵਕੀਲਾਂ ਵਿੱਚੋਂ ਇੱਕ ਅਤੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਕਹਿੰਦੇ ਹਨ, "ਮਾਣਯੋਗ ਸੁਪਰੀਮ ਕੋਰਟ ਦਾ ਨਿਆਂਇਕ ਫ਼ੈਸਲਾ ਇਤਿਹਾਸਕ ਵੀ ਹੈ ਅਤੇ ਦੁਰਲਭ ਵੀ। ਇੱਕ ਅਜਿਹਾ ਫ਼ੈਸਲਾ ਆਇਆ ਹੈ ਜੋ ਇਸ ਮਹਾਨ ਦੇਸ ਦੇ ਇਤਿਹਾਸ ਵਿੱਚ ਵਿਲੱਖਣ ਵਿਦਵਤਾ ਦੇ ਪ੍ਰਦਰਸ਼ਨ ਕਾਨੂੰਨ ਦੇ ਰਾਜ ਨੂੰ ਲੈ ਕੇ ਫਿਕਰ ਅਤੇ ਧਰਮ, ਲਿੰਗ ਜਾਤ ਜਾਂ ਭਾਈਚਾਰੇ ਤੋਂ ਉੱਪਰ ਉੱਠ ਕੇ ਜੰਮੂ-ਕਸ਼ਮੀਰ ਦੇ ਹਰ ਨਾਗਰਿਕ ਦੀ ਸਮਾਨਤਾ ਦੇ ਮੂਲ ਹੱਕਾਂ ਦੇ ਪ੍ਰਤੀ ਸੰਵੇਦਨਸ਼ੀਲਤਾ ਦਾ ਖਿਆਲ ਰੱਖਣ ਦੇ ਲਈ ਯਾਦ ਕੀਤਾ ਜਾਵੇਗਾ।" "ਦੇਸ ਦੀ ਸਰਵਉੱਚ ਅਦਾਲਤ, ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਅਦਾਲਤ ਨੇ ਲੋਕਤੰਤਰਿਕ ਚੋਣਾਂ ਦਾ ਧਿਆਨ ਰੱਖਦੇ ਹੋਏ, ਸੰਵਿਧਾਨਕ ਮੁੱਲਾਂ ਦੇ ਪੱਖ ਵਿੱਚ ਖੜ੍ਹੇ ਹੋ ਕੇ ਜੰਮੂ ਕਸ਼ਮੀਰ ਦੇ ਸਾਰੇ ਨਾਗਰਿਕਾਂ ਦੇ ਵਾਜਬ ਹੱਕਾਂ ਨੂੰ ਸੁਰੱਖਿਅਤ ਕਰ ਦਿੱਤਾ ਹੈ। ਜਿਸ ਤੋਂ ਉਨ੍ਹਾਂ ਨੂੰ ਆਜ਼ਾਦੀ ਤੋਂ ਬਾਅਦ ਤੋਂ ਹੀ ਮਹਿਰੂਮ ਰੱਖਿਆ ਗਿਆ ਸੀ।"


ਮਨ ਮਨੁੱਖ ਦੀ ਕੁੰਜੀ ਹੈ
Mind is the key to the man.

NATURAL **HOMEOPATHIC** SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:

- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com



# TMG LOGISTICS INC.

## Need Owner Operators

NOW HIRING

*Vancouver to California *California to Alberta Back Vancouver
*Vancouver to East USA Return

*Good Paying Loads*



## Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਖਾਲਿਸਤਾਨੀਆਂ ਨੇ ਟੋਰਾਂਟੋ ਵਿੱਚ ਭਾਰਤੀ ਦੂਤਾਵਾਸ ਦੇ ਬਾਹਰ ਕੀਤਾ ਪ੍ਰਦਰਸ਼ਨ:ਤਿਰੰਗੇ ਨੂੰ ਅੱਗ ਲਗਾਈ

ਟਰਾਂਟੋ: ਕੈਨੇਡਾ ‘ਚ ਖਾਲਿਸਤਾਨੀ ਸਮਰਥਕ ਲਗਾਤਾਰ ਭਾਰਤ ਵਿਰੋਧੀ ਪ੍ਰਦਰਸ਼ਨ ਕਰ ਰਹੇ ਹਨ। ਲੰਘੇ ਦਿਨ ਖਾਲਿਸਤਾਨੀ ਸਮਰਥਕ ਇੱਕ ਵਾਰ ਫਿਰ ਭਾਰਤੀ ਦੂਤਾਵਾਸ ਦੇ ਬਾਹਰ ਇਕੱਠੇ ਹੋਏ ਤੇ ਭਾਰਤ ਖਿਲਾਫ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ। ਇਸ ਦੌਰਾਨ ਉਨ੍ਹਾਂ ਖਾਲਿਸਤਾਨੀ ਲੀਡਰ ਹਰਜੀਤ ਸਿੰਘ ਨਿੱਝਰ ਦੇ ਕਤਲ ਦੇ ਮੁੱਦੇ ਦੇ ਨਾਲ-ਨਾਲ ਕੈਨੇਡਾ ‘ਚ ਸਥਾਪਤ ਹੋਣ ਜਾ ਰਹੀ ਹਨੂੰਮਾਨ ਦੀ ਸਭ ਤੋਂ ਉੱਚੀ ਮੂਰਤੀ ‘ਤੇ ਵੀ ਸਵਾਲ ਖੜ੍ਹੇ ਕੀਤੇ।

ਇਹ ਪ੍ਰਦਰਸ਼ਨ ਟੋਰਾਂਟੋ ਵਿੱਚ ਭਾਰਤੀ ਦੂਤਾਵਾਸ ਦੇ ਬਾਹਰ ਕੀਤਾ ਗਿਆ। ਇਸ ਦੌਰਾਨ ਖਾਲਿਸਤਾਨੀਆਂ ਨੇ ਮੁੜ ਤਿਰੰਗੇ ਦਾ ਅਪਮਾਨ ਕੀਤਾ।ਤਿਰੰਗਾ ਸੜਕ ‘ਤੇ ਵਿਛਾਇਆ ਗਿਆ, ਇਸ ‘ਤੇ ਜੁੱਤੀਆਂ ਰੱਖੀਆਂ ਗਈਆਂ ਤੇ ਅੰਤ ਵਿੱਚ ਇਸ ਨੂੰ ਅੱਗ ਲਾ ਦਿੱਤੀ ਗਈ।ਦੱਸ ਦਈਏ ਕਿ ਖਾਲਿਸਤਾਨੀ ਲੀਡਰ ਹਰਦੀਪ ਸਿੰਘ ਨਿੱਝਰ ਦੇ ਕਤਲ ਨੂੰ 10 ਦਿਨ ਤੋਂ ਵੱਧ ਸਮਾਂ ਹੋ ਗਿਆ ਹੈ ਤੇ ਖਾਲਿਸਤਾਨੀ ਸਮਰਥਕ ਭਾਰਤੀ ਡਿਪਲੋਮੈਟ ਸੰਜੇ ਕੁਮਾਰ ਵਰਮਾ ਨੂੰ ਗ੍ਰਿਫਤਾਰ ਕਰਨ ਦੀ ਮੰਗ ਕਰ ਰਹੇ ਹਨ। ਇਸ ਦੌਰਾਨ ਖਾਲਿਸਤਾਨੀ ਸਮਰਥਕ ਮਾਈਕ ਤੇ ਖਾਲਿਸਤਾਨ ਦੇ ਝੰਡੇ ਲੈ ਕੇ ਪਹੁੰਚੇ ਸੀ।




ਇਸ ਪ੍ਰਦਰਸ਼ਨ ਦੌਰਾਨ ਕੈਨੇਡਾ ‘ਚ ਸਥਾਪਤ ਹੋਣ ਜਾ ਰਹੀ ਹਨੂੰਮਾਨ ਜੀ ਦੀ 55 ਫੁੱਟ ਉੱਚੀ ਮੂਰਤੀ ‘ਤੇ ਵੀ ਸਵਾਲ ਉਠਾਏ ਗਏ। ਖਾਲਿਸਤਾਨੀ ਸਮਰਥਕਾਂ ਨੇ ਦੋਸ਼ ਲਾਇਆ ਕਿ ਭਾਰਤੀ ਹਿੰਦੂ ਕੈਨੇਡਾ ਪ੍ਰਤੀ ਵਫ਼ਾਦਾਰ ਨਹੀਂ। ਅਜਿਹੇ ‘ਚ ਕੀ ਉਨ੍ਹਾਂ ਦੇ ਦੇਵਤੇ ਹਨੂੰਮਾਨ ਜੀ ਦੀ ਮੂਰਤੀ ਕੈਨੇਡਾ ‘ਚ ਲਾਉਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ?

ਉਨ੍ਹਾਂ ਨੇ ਕਿਹਾ ਕਿ ਪੀਐਮ ਜਸਟਿਨ ਟਰੂਡੋ ਵੱਲੋਂ ਨਿੱਝਰ ਦੇ ਕਤਲ ਵਿੱਚ ਭਾਰਤੀ ਏਜੰਟਾਂ ਦਾ ਹੱਥ ਹੋਣ ਬਾਰੇ ਕਹਿਣ ਤੋਂ ਬਾਅਦ ਕਿਸੇ ਵੀ ਕੈਨੇਡੀਅਨ ਹਿੰਦੂ ਸੰਗਠਨ ਨੇ ਹਮਦਰਦੀ ਨਹੀਂ ਦਿਖਾਈ। ਕੈਨੇਡੀਅਨ ਹਿੰਦੂਆਂ ਦੀਆਂ ਇਹ ਕਾਰਵਾਈਆਂ ਤੇ ਭੁੱਲਾਂ ਸਪੱਸ਼ਟ ਤੌਰ ‘ਤੇ ਕੈਨੇਡੀਅਨ ਕਾਨੂੰਨਾਂ ਤੇ ਕਦਰਾਂ-ਕੀਮਤਾਂ ਦੀ ਘੋਰ ਅਣਦੇਖੀ ਨੂੰ ਦਰਸਾਉਂਦੀਆਂ ਹਨ।

# ਘੋੜਿਆਂ ਦੇ ਮੇਲੇ ’ਤੇ ਪੰਜਾਬ ਸਰਕਾਰ ਦੀ ਪਾਬੰਦੀ ਜਾਰੀ:ਅਕਾਲੀ ਦਲ ਪ੍ਰਧਾਨ ਨੇ ਚੁੱਕੇ ਸਵਾਲ

ਚੰਡੀਗੜ੍ਹ-ਮੁੱਖ ਮੰਤਰੀ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਅੰਦਰ ਘੋੜਿਆਂ ਦੀ ਗਲੈਂਡਰਜ਼ ਬਿਮਾਰੀ ਨੂੰ ਫੈਲਣ ਤੋਂ ਰੋਕਣ ਲਈ ਕਿਸੇ ਕਿਸਮ ਦੇ ਘੋੜਿਆਂ ਦੇ ਮੇਲੇ, ਘੋੜਿਆਂ ਦੇ ਇਕੱਠ ਜਾਂ ਕਿਸੇ ਕਿਸਮ ਦੀ ਘੋੜ ਸਵਾਰੀ ਦੇ ਮੁਕਾਬਲੇ ਕਰਵਾਉਣ ’ਤੇ ਮੁਕੰਮਲ ਪਾਬੰਦੀ ਲਗਾਈ ਗਈ ਹੈ। ਕਿਸਾਨਾਂ ਨੂੰ ਫਸਲੀ ਚੱਕਰ ਵਿੱਚੋਂ ਕੱਢਣ ਲਈ ਅਤੇ ਕਰਜ਼ੇ ਦੀ ਪੈ ਰਹੀ ਮਾਰ ਤੋਂ ਬਚਾਉਣ ਲਈ ਸੂਬਾ ਸਰਕਾਰ ਵੱਲੋਂ ਸਹਾਇਕ ਧੰਦੇ ਅਪਣਾਉਣ ਲਈ ਕਿਹਾ ਜਾ ਰਿਹਾ ਹੈ।

ਪਰ ਦੂਸਰੇ ਪਾਸੇ ਇਹ ਸਹਾਇਕ ਧੰਦੇ ਪੰਜਾਬ ਸਰਕਾਰ ਦੀਆਂ ਲਾਈਆਂ ਪਾਬੰਦੀਆਂ ਕਾਰਨ ਹੁਣ ਘੋੜਾ ਪਾਲਕ ਕਿਸਾਨਾਂ ਲਈ ਸਿਰਦਰਦੀ ਬਣ ਰਹੇ ਹਨ। ਇਨ੍ਹੀ ਦਿਨੀਂ ਪੰਜਾਬ ਵਿੱਚ ਸਹਾਇਕ ਧੰਦੇ ਵਜੋਂ ਕਿਸਾਨਾਂ ਵੱਲੋਂ ਅਪਣਾਏ ਗਏ ਸਟੱਡ ਫਾਰਮਿੰਗ ਦੇ ਕਾਰੋਬਾਰ ਨੂੰ ਗਲੈਂਡਰ ਨਾਮਕ ਬਿਮਾਰੀ ਨੇ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਕੇ ਰੱਖ ਦਿੱਤਾ ਹੈ।

ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਲੱਗਣ ਵਾਲੇ ਘੋੜਿਆਂ ਦੇ ਮੇਲਿਆਂ ’ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਗਈ ਹੈ। ਘੋੜਿਆਂ ਨੂੰ ਲੈਕੇ ਆਉਣ ਅਤੇ ਜਾਣ ’ਤੇ ਪੂਰਨ ਤੌਰ ’ਤੇ ਪਾਬੰਦੀ ਲਗਾਈ ਗਈ ਹੈ। ਜਿਸ ਕਾਰਨ ਸਹਾਇਕ ਦੇ ਵਜੋਂ ਘੋੜਿਆਂ ਦਾ ਕਾਰੋਬਾਰ ਕਰਨ ਵਾਲੇ ਕਿਸਾਨਾਂ ਦਾ ਵੱਡਾ ਨੁਕਸਾਨ ਹੋ ਰਿਹਾ ਹੈ, ਕਿਉਂਕਿ ਜਾਨਵਰਾਂ ਦੀ ਰੋਜ਼ਾਨਾ ਦੀ ਦੇਖ-ਰੇਖ ਅਤੇ ਖੁਰਾਕ ਉੱਪਰ ਹਜ਼ਾਰਾਂ ਰੁਪਏ ਖਰਚ ਕਰਨੇ ਪੈ ਰਹੇ ਹਨ। ਇਸ ਮਾਮਲੇ ’ਤੇ ਹੁਣ ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਟੱਡ ਫਾਰਮਿੰਗ ਕਰਨ ਵਾਲੇ ਕਿਸਾਨਾਂ ਦੇ ਹੱਕ ’ਚ ਨਿੱਤਰ ਆਏ ਨੇ, ਤੇ ਉਨ੍ਹਾਂ ਮੁੱਖ ਮੰਤਰੀ ਮਾਨ ’ਤੇ ਨਿਸ਼ਾਨਾ ਸਾਧਿਆ ਹੈ।

ਸੁਖਬੀਰ ਸਿੰਘ ਬਾਦਲ ਨੇ ਆਪਣੇ ਪੋਸਟ ’ਚ ਕਿਹਾ, ‘‘ਆਮ ਆਦਮੀ ਪਾਰਟੀ ਨੇ ਸ੍ਰੀ ਮੁਕਤਸਰ ਸਾਹਿਬ ਵਿਖੇ ਹਰ ਸਾਲ ਹੋਣ ਵਾਲੇ ਏਸ਼ੀਆ ਦੇ ਸਭ ਤੋਂ ਵੱਡੇ ਸਲਾਨਾ ਘੋੜ ਸ਼ੋਅ ਅਤੇ ਮੰਡੀ ਨੂੰ ਬੰਦ ਕਰਕੇ ਘੋੜੇ ਮਾਲਕਾਂ ਨਾਲ ਸਰਾਸਰ ਧੱਕਾ ਕੀਤਾ ਹੈ, ਅਜਿਹੇ ਘੋੜ ਮੇਲੇ ਗੁਆਂਢੀ ਰਾਜ ਰਾਜਸਥਾਨ ਦੇ ਪੁਸ਼ਕਰ, ਸ੍ਰੀ ਗੰਗਾਨਗਰ ਅਤੇ ਹਨੂੰਮਾਨਗੜ੍ਹ ਵਿਖੇ ਬੜੇ ਵਧੀਆ ਢੰਗ ਨਾਲ ਚੱਲ ਰਹੇ ਹਨ।’’

---

ਵਿਰੋਧੀ ਆਗੂਆਂ ਦਾ ਕਹਿਣਾ ਹੈ ਇਹ ਫ਼ੈਸਲਾ ਸੰਘੀ ਢਾਂਚੇ ਨੂੰ ਕਮਜ਼ੋਰ ਕਰਦਾ ਹੈ।ਕਾਂਗਰਸ ਨੇ ਕਿਹਾ ਕਿ ਉਹ ਇਸ ਗੱਲ ਤੋਂ ਨਿਰਾਸ਼ ਹੋਏ ਹਨ ਕਿ ਅਦਾਲਤ ਨੇ ਇਸ ਮੁੱਦੇ ਉੱਤੇ ਕੋਈ ਫ਼ੈਸਲਾ ਨਹੀਂ ਦਿੱਤਾ ਕਿ ਕੀ ਇੱਕ ਪੂਰੇ ਸੂਬੇ ਨੂੰ ਕੇਂਦਰ ਸ਼ਾਸਿਤ ਸੂਬੇ ਵਿੱਚ ਬਦਲਿਆ ਜਾ ਸਕਦਾ ਹੈ।ਸੀਨੀਅਰ ਵਕੀਲ ਅਤੇ ਕਾਂਗਰਸ ਆਗੂ ਅਭਿਸ਼ੇਕ ਮਨੂ ਸਿੰਘਵੀ ਨੇ ਕਿਹਾ ਕਿ ਸੰਵਿਧਾਨ ਤਹਿਤ ਸਰਕਾਰ ਦੇ ਕੋਲ ਇਹ ਕਰਨ ਦਾ ਕੋਈ ਅਧਿਕਾਰ ਨਹੀਂ ਹੈ।ਮਾਰਕਸਵਾਦੀ ਕਮਊਨਿਸਟ ਪਾਰਟੀ (ਮਾਕਪਾ) ਅਨੁਸਾਰ, ਇਹ ਫ਼ੈਸਲਾ ਕੇਂਦਰ ਨੂੰ ਸੂਬਿਆਂ ਦੇ ਢਾਂਚੇ ਨੂੰ ਇੱਕ ਪਾਸੜ ਬਦਲਣ ਦਾ ਅਧਿਕਾਰ ਦਿੰਦਾ ਹੈ।ਸੰਸਦ ਮੈਂਬਰ ਅਸਦੁਦੀਨ ਓਵੈਸੀ ਨੇ ਕਿਹਾ ਕਿ ਇਸ ਫ਼ੈਸਲੇ ਦਾ ਅਸਰ ਇਹ ਹੋਵੇਗਾ ਕਿ ‘ਚੇਨਈ, ਕੋਲਕਾਤਾ, ਹੈਦਰਾਬਾਦ ਜਾਂ ਮੁੰਬਈ ਨੂੰ ਕੇਂਦਰ ਸ਼ਾਸਿਤ ਸੂਬਾ ਬਣਾਉਣ ਵਿੱਚ ਕੇਂਦਰ ਸਰਕਾਰ ਸਾਹਮਣੇ ਕੋਈ ਰੋਕ ਟੋਕ ਨਹੀਂ ਹੋਵੇਗੀ।’ਸੰਵਿਧਾਨਿਕ ਕਾਨੂੰਨਾਂ ਦੇ ਮਾਹਰ ਅਨੁਜ ਭੁਵਾਨੀਆ ਨੇ ਕਿਹਾ, ‘‘ਇੱਕ ਸੂਬੇ ਨੂੰ ਕੇਂਦਰ ਸ਼ਾਸਿਤ ਸੂਬੇ ਵਿੱਚ ਵੰਡਣ ਦੇ ਮੁੱਦੇ ਉੱਤੇ ਫ਼ੈਸਲਾ ਨਾ ਦੇਣਾ, ਇਹ ਪੂਰੀ ਤਰ੍ਹਾਂ ਮੁਕਰਨਾ ਹੈ।’’ਉਹ ਕਹਿੰਦੇ ਹਨ ਕਿ ਅਦਾਲਤ, ਸੂਬੇ ਨੂੰ ਦੋ ਕੇਂਦਰ ਸ਼ਾਸਿਤ ਸੂਬਿਆਂ ਵਿੱਚ ਵੰਡਣ ਦੇ ਮਸਲੇ ਨੂੰ ਇਸ ਲਈ ਤੈਅ ਕਰਨ ਤੋਂ ਮੁਕਰ ਨਹੀਂ ਸਕਦੀ ਕਿਉਂਕਿ ਕੇਂਦਰ ਨੇ ਸੂਬੇ ਦੇ ਦਰਜੇ ਨੂੰ ਬਹਾਲ ਕਰਨ ਦਾ ਭਰੋਸਾ ਦਿੱਤਾ ਹੈ।ਅਨੁਜ ਭੁਵਾਨੀਆ ਨੇ ਕਿਹਾ, ‘‘ਕਿਉਂਕਿ ਧਾਰਾ 3 ਵਿੱਚ ਇਸ ਤਰ੍ਹਾਂ ਲਿਖਿਆ ਗਿਆ ਹੈ ਕਿ ਕੇਂਦਰ ਸਰਕਾਰ ਨਵੇਂ ਸੂਬੇ ਬਣਾਉਣ ਅਤੇ ਸੂਬਿਆਂ ਦੀਆਂ ਸਰਹੱਦਾਂ ਨੂੰ ਬਦਲਣ ਦੀ ਇੱਕ ਪਾਸੜ ਕਾਰਵਾਈ ਕਰ ਸਕਦੀ ਹੈ, ਇਸ ਲਈ ਅਦਾਲਤ ਇਸ ਤਰ੍ਹਾਂ ਵਿਆਖਿਆ ਕਰ ਸਕਦੀ ਸੀ ਕਿ ਇਸ ਦਾ ਮਾੜਾ ਇਸਤੇਮਾਲ ਨਾ ਹੋਵੇ।’’ਉਨ੍ਹਾਂ ਮੁਤਾਬਕ, ‘‘ਪਹਿਲਾਂ ਵੀ ਅਸੀਂ ਦੇਖਿਆ ਹੈ ਕਿ ਅਦਾਲਤ ਨੇ ਅਜਿਹੇ ਬੁਨਿਆਦੀ ਸਿਧਾਂਤਕ ਢਾਂਚੇ ਦਿੱਤੇ ਹਨ ਜੋ ਇਸ ਗੱਲ ਨੂੰ ਤੈਅ ਕਰਦੇ ਹਨ ਕਿ ਸੰਸਦ ਕਿਹੜੀਆਂ ਸੋਧਾਂ ਕਰ ਸਕਦੀ ਹੈ। ਇਸ ਤਰ੍ਹਾਂ ਦੀ ਵਿਆਖਿਆ ਇਸ ਮਾਮਲੇ ਵਿੱਚ ਵੀ ਕੀਤੀ ਜਾ ਸਕਦੀ ਸੀ।’’ਉਨ੍ਹਾਂ ਨੇ ਕਿਹਾ, ‘‘ਪਰ ਅਦਾਲਤ ਨੇ ਅਜਿਹਾ ਕਰਨਾ ਨਹੀਂ ਚੁਣਿਆ।’’ਅੰਗਰੇਜ਼ੀ ਅਖ਼ਬਾਰ ਦਿ ਹਿੰਦੂ ਮੁਤਾਬਕ, ਇਹ ਫ਼ੈਸਲਾ ਕੇਂਦਰ ਨੂੰ ਰਾਸ਼ਟਪਤੀ ਸ਼ਾਸਨ ਲਾਗੂ ਕਰਨ ਅਤੇ ਸੂਬੇ ਵਿੱਚ ਵੱਡਾ ਬਦਲਾਅ ਕਰਨ ਦਾ ਅਧਿਕਾਰ ਦਿੰਦਾ ਹੈ, ਜਿਵੇਂ ਸੰਵਿਧਾਨਕ ਸੋਧਾਂ ਨੂੰ ਮਨਜ਼ੂਰ ਕਰਨਾ ਜਾਂ ਅਹਿਮ ਮਾਮਲਿਆਂ ਨੂੰ ਵਾਪਸ ਲੈਣਾ।ਸੀਨੀਅਰ ਵਕੀਲ ਅਤੇ ਕਾਨੂੰਨੀ ਮਾਹਰ ਫ਼ਲੀ ਨਰੀਮਨ ਨੇ ਇੱਕ ਇੰਟਰਵਿਊ ਵਿੱਚ ਦੱਸਿਆ ਕਿ ਇਸ ਫ਼ੈਸਲੇ ਕਾਰਨ ਭਾਰਤ ਦਾ ਇੱਕ ਦੇਸ਼ ਦੇ ਤੌਰ ਉੱਤੇ ਹੋਰ ਕੇਂਦਰੀਕਰਨ ਹੁੰਦਾ ਜਾ ਰਿਹਾ ਹੈ।ਇੱਕ ਹੋਰ ਕਾਨੂੰਨੀ ਮਾਹਰ ਆਲੋਕ ਪ੍ਰਸੰਨਾ ਨੇ ਇੰਡੀਅਨ ਐਕਸਪ੍ਰੈਸ ਵਿੱਚ ਲਿਖਿਆ, ‘‘ਸੁਪਰੀਮ ਕੋਰਟ ਦੇ ਇਸ ਫ਼ੈਸਲੇ ਦਾ ਸਿੱਧਾ ਅਸਰ ਇਹ ਹੋਵੇਗਾ ਕਿ ਕੇਂਦਰ ਜਦੋਂ ਚਾਹੇ ਕੋਈ ਵੀ ਕਾਰਨ ਦੱਸ ਕੇ ਉਹ ਕਿਸੇ ਵੀ ਸੂਬੇ ਨੂੰ ਕੇਂਦਰ ਸ਼ਾਸਿਤ ਸੂਬੇ ਵਿੱਚ ਬਦਲ ਸਕਦਾ ਹੈ।’’


## Injured in an accident? ICBC claim?

### We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀਂ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999



Mandeep Randhawa,
*B.Sc., L.L.B (UBC)*

RM TRIAL LAWYERS

MANDEEP RANDHAWA LAW CORPORATION

**T 604 449 7500**

#200 – 6245 136th Street, Surrey, BC, V3X 1H3

• F 604 449 7501 • TF 1 888 449 7573 • www.rmlawyers.ca

# ਭਾਈ ਅੰਮ੍ਰਿਤਪਾਲ ਸਿੰਘ ਤੇ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ ਤਖ਼ਤ ਸ਼੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਸੰਗਤਾਂ ਵੱਲੋਂ ਕੀਤੀ ਗਈ ਚੌਥੇ ਪੜਾਅ ਦੀ ਅਰਦਾਸ

## ਬੰਦੀ ਸਿੰਘਾਂ ਨੂੰ ਜੇਲ੍ਹਾਂ ਵਿੱਚ ਬੰਦ ਰੱਖਣ ਲਈ ਜ਼ਾਲਮ ਸਰਕਾਰਾਂ ਵੱਲੋਂ ਬੁਣਿਆ ਜਾਲ ਬੰਦੀ ਛੋੜ ਸਤਿਗੁਰੂ ਅਵੱਸ਼ ਕੱਟਣਗੇ ਇਹ ਅਟੱਲ ਵਿਸ਼ਵਾਸ ਹੈ:ਮਾਤਾ ਬਲਵਿੰਦਰ ਕੌਰ

ਨਵੀ ਦਿੱਲੀ(ਮਨਪ੍ਰੀਤ ਸਿੰਘ ਖਾਲਸਾ):- ਭਾਈ ਅੰਮ੍ਰਿਤਪਾਲ ਸਿੰਘ ਸਮੇਤ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ ਚੌਥੇ ਪੜਾਅ ਦੀ ਅਰਦਾਸ ਤਖ਼ਤ ਸ਼੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਹੋਈ।ਅੱਜ ਇਸ ਤੋਂ ਪਹਿਲਾਂ ਸਵੇਰੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਇਸ ਉਪਰੰਤ ਬੰਦੀ ਸਿੰਘਾਂ ਦੇ ਪਰਿਵਾਰਾਂ ਦੀ ਤਰਫ਼ੋਂ ਭਾਈ ਅੰਮ੍ਰਿਤਪਾਲ ਸਿੰਘ ਦੇ ਮਾਤਾ ਬਲਵਿੰਦਰ ਕੌਰ ਅਤੇ ਪਿਤਾ ਸ. ਤਰਸੇਮ ਸਿੰਘ ਨੇ ਕਿਹਾ ਕਿ ਅਰਦਾਸ ਸਮਾਗਮ ਦੌਰਾਨ ਅਗਾਂਹ ਹੋ ਕੇ ਮਿਲਦੀਆਂ ਉੱਚੀਆਂ ਸੁੱਚੀਆਂ ਰੂਹਾਂ ਵਾਲੇ ਤਪੱਸਵੀ ਸਿੰਘਾਂ ਦਾ ਵਿਸ਼ਵਾਸ ਹੈ ਕਿ ਅੰਮ੍ਰਿਤਪਾਲ ਸਿੰਘ ਬਹੁਤ ਦਹਾਕਿਆਂ ਬਾਦ ਕੌਮ ਨੂੰ ਮਿਲਿਆ ਅਜਿਹਾ ਸਿੰਘ ਹੈ ਜਿਸ ਦੇ ਅਲਫਾਜ (ਲ਼ਫ਼ਜ਼) ਹਕੂਮਤ ਨੂੰ ਏ ਕੇ ਸੰਤਾਲੀ ਜਿਹੇ ਆਧੁਨਿਕ ਹਥਿਆਰਾਂ ਤੋਂ ਵੀ ਵੱਧ ਖ਼ਤਰਨਾਕ ਲਗ ਰਹੇ ਸਨ ਕਿਉਂਕਿ ਉਹ ਕੌਮ ਦੀ ਲੜਾਈ ਦੁਨਿਆਵੀ ਤਾਕਤਾਂ ਦੇ ਸਿਰ ਤੇ ਨਹੀਂ ਬਲਕਿ ਦਸਮ ਪਾਤਸ਼ਾਹ ਵੱਲੋਂ ਬਖ਼ਸ਼ੀ ਤੇਗ਼ ਤੇ ਭਰੋਸਾ ਰੱਖ ਕੇ ਲੜ ਰਿਹਾ ਹੈ।

ਉਨ੍ਹਾਂ ਕਿਹਾ ਕਿ ਸਮੇਂ ਨਾਲ ਦੁਨਿਆਵੀ ਹਕੂਮਤਾਂ ਤਾਂ ਹਕੂਮਤ ਦੀਆਂ ਏਜੰਸੀਆਂ ਖ਼ਰੀਦ ਸਕਦੀਆਂ।ਏਸੇ ਕਾਰਨ ਹੀ ਅੱਜ ਇਹ ਹਾਲ ਹੈ ਕਿ ਉੱਥੋਂ ਚਲਣ ਵਾਲੀ ਸੂਈ ਵੀ ਸਿੱਖ ਵਿਰੋਧੀ ਹਕੂਮਤਾਂ ਨੂੰ ਅੱਜ ਪਤਾ ਹੁੰਦੀ ਹੈ।ਅੱਜ ਡਰੋਨਾਂ ਰਾਹੀ ਨੌਜਵਾਨੀ ਨੂੰ ਖ਼ਤਮ ਕਰਨ ਲਈ ਸਿਰਫ਼ ਨਸ਼ਾ ਹੀ ਕਥਿਤ ਜੈਡ ਸੁਰੱਖਿਆ ਵਾਲੀਆਂ ਹੂਟਰ ਮਾਰਦੀਆਂ ਗੱਡੀਆਂ ਰਾਹੀ ਅੱਗੇ ਲੰਘਦਾ ਹੈ ।

ਉਨ੍ਹਾਂ ਕਿਹਾ ਸੋ ਅੰਮ੍ਰਿਤਪਾਲ ਸਿੰਘ ਦਾ ਵਿਸ਼ਵਾਸ ਦਸਮ ਪਾਤਸ਼ਾਹ ਤੇ ਉਸ ਦੇ ਭਗਤੀ ਤੇ ਸ਼ਕਤੀ ਦੇ ਸੁਮੇਲ ਅਮਰ ਸ਼ਹੀਦ ਬਾਬਾ ਦੀਪ ਸਿੰਘ ਅਮਰ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਅਮਰ ਸ਼ਹੀਦ ਜਥੇਦਾਰ ਬਾਬਾ ਹਨੂਮਾਨ ਸਿੰਘ ਤੇ ਮੌਜੂਦਾ ਵੀਹਵੀਂ ਸਦੀ ਦੇ ਮਹਾਨ ਜਰਨੈਲ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਜਿਹੇ ਮਹਾਂਪੁਰਖਾਂ ਨੂੰ ਕਲ਼ਗੀਧਰ ਪਾਤਸ਼ਾਹ ਵੱਲੋਂ ਬਖ਼ਸ਼ੀ ਮੀਰੀ ਪੀਰੀ ਦੀ ਸ਼ਕਤੀ ਤੇ ਹੈ।ਉਸ ਦਾ ਵਿਸ਼ਵਾਸ ਹੈ ਕਿ ਜੰਗ ਸਿੱਖ ਰੂਹ ਦੇ ਜ਼ੋਰ ਤੇ ਲੜਦਾ ਹੈ ਨਾ ਕਿ ਤਾਕਤਾਂ ਦੇ ਜ਼ੋਰ ਤੇ ਲੜਦਾ ਹੈ।ਇਸ ਲਈ ਹੀ ਅੰਮ੍ਰਿਤਪਾਲ ਸਿੰਘ ਰੂਪੋਸ਼ ਜ਼ਿੰਦਗੀ ਦੌਰਾਨ ਕੁਝ ਭਦਰਪੁਰਸ਼ਾਂ ਵੱਲੋਂ ਗਵਾਂਢੀ ਮੁਲਕਾਂ ਵਿੱਚ ਚਲੇ ਜਾਣ ਦੇ ਸੱਦੇ ਨੂੰ ਠੁਕਰਾ ਕੇ ਗਰਜਵੀਂ ਅਵਾਜ਼ ਵਿੱਚ ਕਹਿੰਦਾ ਹੈ ਕਿ ਏਸੇ ਧਰਤੀ ਤੇ ਰਹਿ ਕੇ ਲੜਾਂਗਾ ਮਰਾਂਗਾ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵੱਲੋਂ ਅਰੰਭੇ ਸੰਘਰਸ਼ ਨੂੰ ਪ੍ਰਚੰਡ ਕਰਾਂਗਾ ।

ਉਹ ਜਦੋਂ ਕਹਿੰਦਾ ਹੈ ਕਿ ਕਿ ਜ਼ਾਲਮ ਹਕੂਮਤ ਦੀ ਹਾਰ ਇਸ ਵਿੱਚ ਹੈ ਕਿ ਕਲ਼ਗੀਧਰ ਪਾਤਸ਼ਾਹ ਵੱਲੋਂ ਬਖ਼ਸ਼ੀ ਖੰਡੇ ਬਾਟੇ ਦੀ ਪਾਹੁਲ ਨੌਜਵਾਨ ਛਕਣ ਤਾਂ ਹਕੂਮਤ ਨੂੰ ਇਸ ਤੋਂ ਕਿਤੇ ਜ਼ਿਆਦਾ ਡਰ ਭਾਂਪਦਾ ਹੈ । ਅੰਮ੍ਰਿਤਪਾਲ ਸਿੰਘ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਸਿੱਖ ਨੇ ਆਪਣੀ ਧਰਮ ਦੀ ਲੜਾਈ ਵਿੱਚ ਦੁਨਿਆਵੀ ਹਕੂਮਤਾਂ ਦਾ ਸਹਾਰਾ ਨਾ ਲੈ ਕੇ ਕਲ਼ਗੀਧਰ ਪਾਤਸ਼ਾਹ ਵੱਲੋਂ ਬਖ਼ਸ਼ੇ " ਯਹੈ ਹਮਾਰੇ ਪੀਰ" ਅਤੇ ਭਗਤੀ ਨਾਲ ਪ੍ਰਾਪਤ ਹੋਈ ਰੂਹ ਦੀ ਸ਼ਕਤੀ ਨਾਲ ਜੰਗ ਲੜਨੀ ਹੈ ਤਾਂ ਫਿਰ ਅਰਬਾਂ ਰੁਪੈ ਖ਼ਰਚ ਕਰਕੇ ਵੱਖ ਵੱਖ ਖ਼ਿੱਤਿਆਂ ਵਿੱਚ ਆਪਣਾ ਜਾਲ ਵਿਛਾਈ ਬੈਠੀਆਂ ਹਕੂਮਤ ਦੀਆਂ ਕਥਿਤ ਏਜੰਸੀਆਂ ਨੂੰ ਆਪਣੀ ਹਾਰ ਸਪਸ਼ਟ ਦਿਖਾਈ ਦੇਂਦੀ ਹੈ। ਇਸ ਦੇ ਤਹਿਤ ਹੀ ਹਕੂਮਤਾਂ ਵੱਲੋਂ ਨੌਜਵਾਨੀ ਨੂੰ ਖ਼ਤਮ ਕਰਨ ਲਈ 1992-93 ਦੇ ਦਹਾਕੇ ਤੋਂ ਬਾਦ ਸਿੱਖ ਨੌਜਵਾਨੀ ਨੂੰ ਸਿੱਖੀ ਤੋਂ ਦੂਰ ਕਰਨ ਲਈ ਸਭਿਆਚਾਰ ਦੇ ਨਾਮ ਤੇ ਜੋ ਕਲੀਨ ਸ਼ੇਵ ਕਲਚਰ ਨਸ਼ਾ ਕਲਚਰ ਗੈਂਗਸਟਰ ਕਲਚਰ ਪੰਜਾਬ ਦੀ ਧਰਤੀ ਤੇ ਲਿਆਉਣ ਲਈ ਜਾਲ ਬੁਣਿਆ ਉਹ ਕੱਟਦਾ ਦਿਖਾਈ ਦੇਂਦਾ ਹੈ । ਉਨ੍ਹਾਂ ਕਿਹਾ ਕਿ ਇਹੀ ਕਾਰਨ ਹੈ ਕਿ ਜ਼ਾਲਮ ਸਰਕਾਰਾਂ ਨੂੰ ਪੰਜ ਤਖ਼ਤ ਸਾਹਿਬਾਨਾਂ ਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਸ਼ੁਰੂ ਕੀਤੇ ਨਿਰੋਲ ਧਾਰਮਿਕ ਅਰਦਾਸ ਸਮਾਗਮਾਂ ਤੋਂ ਡਰ ਲਗ ਰਿਹਾ ਹੈ । ਕਿਉਂਕਿ ਸਰਕਾਰਾਂ ਸਮਝਦੀਆਂ ਕਿ ਇਸ ਨਾਲ ਨੌਜਵਾਨੀ ਧਰਮ ਨਾਲ ਜੁੜਦੀ ਹੈ ,ਜਦੋਂ ਨੌਜਵਾਨੀ ਵਿੱਚ ਵੱਧ ਤੋਂ ਵੱਧ ਜਪੁਜੀ ਸਾਹਿਬ ਚੌਪਈ ਸਾਹਿਬ ਦੇ ਪਾਠਾਂ ਨੂੰ ਕਰਨ ਦੀ ਹੋੜ ਲਗ ਜਾਏ ਕਲ਼ਗੀਧਰ ਪਾਤਸ਼ਾਹ ਦੇ ਉਪਰ ਵਿਸ਼ਵਾਸ ਬਣ ਜਾਏ ਦਿਲ ਦਾ ਡਰ ਇਸ ਭਗਤੀ ਨਾਲ ਖੰਭ ਲਾ ਕੇ ਉੱਡ ਜਾਏ ਫਿਰ ਜ਼ਾਲਮ ਹਕੂਮਤਾਂ ਨੂੰ ਕਥਿਤ ਜੈਡ ਸੁਰੱਖਿਆ ਵਾਲੀਆਂ ਗੱਡੀਆਂ ਰਾਹੀਂ ਵਰਤਾਏ ਜਾਂਦੇ ਨਸ਼ਿਆਂ ਰਾਹੀ ਸਿੱਖ ਨੌਜਵਾਨੀ ਨੂੰ ਬਰਬਾਦ ਕਰਨ ਲਈ ਰਚੀ ਸਾਜਿਸ਼ ਖ਼ਤਮ ਹੁੰਦੀ ਨਜ਼ਰ ਆਉਂਦੀ ਹੈ । ਇਸ ਦੀ ਸਪਸ਼ਟ ਮਿਸਾਲ ਹੈ ਕਿ ਉੱਚ ਅਦਾਲਤਾਂ ਵਿੱਚ ਨਸ਼ਿਆਂ ਦੀ ਪੁਸ਼ਤ ਪਨਾਹੀ ਕਰਨ ਵਾਲੇ ਕਥਿਤ ਪੁਲਿਸ ਅਫ਼ਸਰਾਂ ਤੇ ਸਿਆਸੀ ਲੀਡਰਾਂ ਦੇ ਨੈਕਸਜ ਦੀ ਦਿੱਤੀ ਲਿਸਟ ਕਈ ਸਾਲ ਬਾਦ ਵੀ ਜੱਗ ਜ਼ਾਹਰ ਨਹੀਂ ਕੀਤੀ ਗਈ । ਅੰਮ੍ਰਿਤਪਾਲ ਸਿੰਘ ਵੱਲੋਂ ਨੌਜਵਾਨਾਂ ਵਿੱਚ ਧਰਮ ਦੀ ਭਰੀ ਜਾ ਰਹੀ ਸਪਿਰਿਟ ਤੋਂ ਡਰਦੇ ਹੀ ਕਥਿਤ ਸਿਆਸੀ ਧੌਂਸ ਨਾਲ ਚਲਦੇ ਨਸ਼ਿਆਂ ਦੇ ਵਪਾਰੀ ਵੀ ਭਾਈ ਸਾਹਿਬ ਦੀ ਰੂਪੋਸ਼ੀ ਦੌਰਾਨ ਆਪਣੇ ਖ਼ਾਸਮ ਖ਼ਾਸ ਪੁਲਿਸ ਅਫ਼ਸਰਾਂ ਨੂੰ ਦਸ ਦਸ ਕਰੋੜ ਦੀਆਂ ਸੁਪਾਰੀਆਂ ਦੇਣ ਲਈ ਔਫਰ ਦੇਂਦੇ ਰਹੇ ਕਿ ਅੰਮ੍ਰਿਤਪਾਲ ਸਿੰਘ ਦਾ ਮੁਕਾਬਲਾ ਜਿਹੜਾ ਜ਼ਿਲ੍ਹਾ ਮੁਖੀ ਬਣਾ ਦੇਵੇ ਉਸ ਨੂੰ ਦਸ ਕਰੋੜ ਮਿਲੇਗਾ। ਉਨ੍ਹਾਂ ਕਿਹਾ ਕਿ ਇਹ ਕਲ਼ਗੀਧਰ ਪਾਤਸ਼ਾਹ ਦਾ ਪ੍ਰਤਾਪ ਹੀ ਸੀ ਕਿ ਨਸ਼ਿਆਂ ਦੇ ਸੌਦਾਗਰਾਂ ਵੱਲੋਂ ਜ਼ਿਲਿਆਂ ਦੇ ਮਾਲਕ ਅਫ਼ਸਰਾਂ ਨੂੰ ਦਿੱਤੀਆਂ ਦਸ ਦਸ ਕਰੋੜ ਦੇ ਇਨਾਮ ਲੈਣ ਦੀਆਂ ਆਫਰਾਂ ਕਾਰਨ ਉਨ੍ਹਾਂ ਸਾਰਿਆਂ ਅਫ਼ਸਰਾਂ ਵਿੱਚ ਆਪਸੀ ਹੋੜ ਲਗ ਗਈ ਕਿ ਦੂਸਰੇ ਜ਼ਿਲ੍ਹੇ ਵਾਲਾ ਨਾ ਕਿਤੇ ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰਕੇ ਸ਼ਹੀਦ ਕਰ ਕੇ ਇਨਾਮ ਲੈ ਜਾਵੇ ਤੇ ਏਸੇ ਕਾਰਨ ਹੀ ਇਨ੍ਹਾਂ ਸਾਰੀਆਂ ਫੋਰਸ ਦਾ ਆਪਸੀ ਤਾਲਮੇਲ ਹੀ ਕਲ਼ਗੀਧਰ ਪਾਤਸ਼ਾਹ ਨੇ ਤੋੜ ਦਿੱਤਾ । ਸੰਗਤਾਂ ਨੇ ਪੰਜਾਬ ਦੇ ਮੈਦਾਨੀ ਇਲਾਕੇ ਨੂੰ ਮਨੁੱਖੀ ਜੰਗਲ ਬਣਾ ਦਿੱਤਾ ਤੇ ਜ਼ਾਲਮ ਹਕੂਮਤਾਂ ਨੂੰ ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਵਿੱਚ ਨਮੋਸ਼ੀ ਭਰੀ ਹਾਰ ਹੀ ਨਸੀਬ ਹੋਈ । ਉਨ੍ਹਾਂ ਕਿਹਾ ਕਿ ਫਿਰ ਭਾਈ ਅੰਮ੍ਰਿਤਪਾਲ ਸਿੰਘ ਨੇ ਰੂਪੋਸ਼ ਜ਼ਿੰਦਗੀ ਤੋਂ ਬਾਹਰ ਆ ਕੇ ਆਪ ਗ੍ਰਿਫ਼ਤਾਰੀ ਦਿੱਤੀ ਤਾਂ ਕਿ ਸੰਘਰਸ਼ ਲਈ ਨਿੱਤਰੀ ਜਵਾਨੀ ਨੂੰ ਆਸ ਬੱਝ ਜਾਏ ਕਿ ਜਦੋਂ ਭਾਈ ਸਾਹਿਬ ਬਾਹਰ ਆਉਣ ਤਾਂ ਖ਼ਾਲਸਾ ਵਹੀਰ ਦੁਬਾਰਾ ਸ਼ੁਰੂ ਕਰਨਗੇ ਤੇ ਕੌਮੀ ਨਿਸ਼ਾਨੇ ਵੱਲ ਕੌਮ ਵਧੇਗੀ ।

ਉਨ੍ਹਾਂ ਕਿਹਾ ਕਿ ਸਿੱਖ ਜਵਾਨੀ ਹੁਣ ਕਲ਼ਗੀਧਰ ਪਾਤਸ਼ਾਹ ਵੱਲੋਂ ਕੌਮ ਨੂੰ ਬਖ਼ਸ਼ੇ ਇਸ ਯੋਧੇ ਅੰਮ੍ਰਿਤਪਾਲ ਸਿੰਘ ਨਾਲ ਹੀ ਖ਼ਾਲਸਾ ਵਹੀਰ ਦਾ ਹਿੱਸਾ ਬਣਨਾ ਚਾਹੁੰਦੀ ਹੈ ਜੋ ਬ੍ਰਹਮ ਗਿਆਨੀ ਮਹਾਂਪੁਰਖ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਵੱਲੋਂ ਅਰੰਭੇ




Expert Advice, Consultation & Representation in all your legal matters



FAMILY LAW
- Separation, marriage, prenuptial and co-habitation agreements
- Divorce and separation proceedings
- Child and Spousal support
- Division of Property
- Adoption Applications
- Right to move with child applications

IMMIGRATION LAW
- Students, Workers and Visitors cases
- All Immigration matters
- Sponsorship cases

REAL ESTATE IN BC AND ALBERTA
- Sale and purchase of Residential and Commercial Properties in **BC** and **Alberta**
- Sale & Purchase of Business
- Land Use, Real Estate, Property Tax Assessment
- Lien Claims
- Contractual Claims
- Real Estate Litigation

EMPLOYMENT LAW
- Review of employment contracts
- Drafting employment contracts
- Wrongful dismissal
- Breach of employment contract
- Workplace injury
- Exploitation & workplace harassment
- Workplace events claims

CORPORATE & BUSINESS LAW
- Share holder agreements
- Lease agreement
- Tenancy agreement
- Formation & dissolving of companies
- Partnerships and joint ventures
- Business / Shareholder disputes

NOTARY SERVICES
- Notarizations
- Wills, Estates and Trusts
- Affidavits and Declarations
- Visitor Visa, Super Visa Declarations
- Sponsorship Declarations
- Power of attorney

BENEFITS OF CHOOSING US
- Low Cost & High Quality Legal Service
- Honest Advice & Customized Solutions
- Client's Satisfaction & Peace of Mind
- Best Results

CHARANJEET KAUR RAINA
LAWYER AND NOTARY PUBLIC

778 835 8455

#201-13049 76th Avenue, Surrey BC V3W2V7
www.rainalaw.com Email : craina@rainalaw.com

# ਲੁਧਿਆਣਾ 'ਚ ਬਿਨਾਂ ਛੱਤ ਤੋਂ ਭੁੰਜੇ ਸੌਂਦੇ ਬਿਮਾਰ ਬਜ਼ੁਰਗ ਨੂੰ ਮਿਲਿਆ ਸਵਰਗ ਰੂਪੀ ਰਹਿਣ ਬਸੇਰਾ ਕਿੱਥੇ ਭੁੱਖੇ ਪੇਟ ਸੜਕਾਂ ਕਿਨਾਰੇ ਭੁੰਜੇ ਹੱਡ ਰਗੜਨੇ, ਹੁਣ ਰੱਜਵਾਂ ਭੋਜਨ ਤੇ ਗਦੈਲਿਆਂ 'ਤੇ ਸੌਣਾ





ਲੁਧਿਆਣਾ:-14 ਦਸੰਬਰ ਨੂੰ ਲੁਧਿਆਣਾ ਸ਼ਹਿਰ ਦੇ ਮਾਡਲ ਟਾਊਨ 'ਚ ਪੈਂਦੇ ਤਿਕੋਨਾ ਪਾਰਕ 'ਚ ਖੁਲ੍ਹੇ ਅਸਮਾਨ ਥੱਲੇ ਭੁੰਜੇ ਸੌਣ ਵਾਲੇ ਲਾਵਾਰਸ ਬਿਮਾਰ ਬਜ਼ੁਰਗ ਨੂੰ ਸਰਾਭਾ ਆਸ਼ਰਮ ਦੇ ਮੁੱਖ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ ਅਤੇ ਉਹਨਾਂ ਦੇ ਸਹਿਯੋਗੀ ਸੇਵਾਦਾਰ ਚੁੱਕ ਕੇ ਸਰਾਭਾ ਪਿੰਡ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ 'ਚ ਲੈ ਆਏ । ਆਸ਼ਰਮ 'ਚ ਮਿਲਦੀ ਮੈਡੀਕਲ ਸਹਾਇਤਾ ਅਤੇ ਹੋਰ ਸੁਵਿਧਾਵਾਂ ਨੇ ਉਸ ਦੀ ਜ਼ਿੰਦਗੀ ਹੀ ਰੁਸ਼ਨਾ ਦਿੱਤੀ।

ਪਿਛਲੇ ਕੁੱਝ ਹਫ਼ਤਿਆਂ ਤੋਂ 65 ਸਾਲਾ ਸ਼ੰਕਰ ਨਾਮ ਦਾ ਇਹ ਲਵਾਰਸ ਮਰੀਜ਼ ਲੁਧਿਆਣਾ ਮਾਡਲ ਟਾਊਨ ਦੇ ਤਿਕੋਨਾ ਪਾਰਕ ਵਿੱਚ ਪਿਆ ਸੀ। ਇਸ ਪਾਰਕ ਦੇ ਨਜ਼ਦੀਕ ਹੀ ਰਹਿਣ ਵਾਲੀ ਨਿਸ਼ੂ ਨਾਮ ਦੀ ਲੜਕੀ ਨੇ ਆਸ਼ਰਮ ਵਿੱਚ ਫ਼ੋਨ ਕਰਕੇ ਉਪਰੋਕਤ ਬਜ਼ੁਰਗ ਦੇ ਪਾਰਕ ਵਿੱਚ ਪਿਆ ਹੋਣ ਬਾਰੇ ਦੱਸਿਆ। ਉਸ ਨੇ ਦੱਸਿਆ ਕਿ ਇਹ ਬਜ਼ੁਰਗ ਮਲ-ਮੂਤਰ ਵੀ ਕੱਪੜਿਆਂ ਵਿੱਚ ਹੀ ਕਰਦਾ ਹੈ ਅਤੇ ਇਸਦੀ ਹਾਲਤ ਬਹੁਤ ਖਰਾਬ ਹੈ। ਜੇਕਰ ਇਸਨੂੰ ਰਹਿਣ ਲਈ ਯੋਗ ਜਗ੍ਹਾ ਤੇ ਮੈਡੀਕਲ ਸਹਾਇਤਾ ਨਾ ਮਿਲੀ ਤਾਂ ਇਸਦਾ ਬਚਣਾ ਅਸੰਭਵ ਹੈ।

ਆਸ਼ਰਮ ਦੇ ਮੁੱਖ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ, ਸੇਵਾਦਾਰ ਪ੍ਰੇਮ ਸਿੰਘ ਅਤੇ ਡਰਾਇਵਰ ਹਰਦੀਪ ਸਿੰਘ ਨੇ ਤੁਰੰਤ ਉਸ ਪਾਰਕ ਵਿੱਚ ਪਹੁੰਚ ਕੇ ਦੇਖਿਆ ਕਿ ਬਜ਼ੁਰਗ ਦੀ ਹਾਲਤ ਬਹੁਤ ਤਰਸਯੋਗ ਬਣੀ ਹੋਈ ਸੀ । ਹੱਥਾਂ-ਪੈਰਾਂ ਦੇ ਵਧੇ ਹੋਏ ਨੰਹੁ, ਪੈਰਾਂ ਤੋਂ ਨੰਗਾ, ਤਨ ਤੇ ਪਾਏ ਮੈਲੇ-ਕੁਚੈਲੇ ਕੱਪੜਿਆਂ ਦੇ ਵਿੱਚ ਹੀ ਮਲ-ਮੂਤਰ ਅਤੇ ਲੈਟਰੀਨ ਆਦਿ ਕੀਤੀ ਹੋਈ ਸੀ। ਇਹਨਾਂ ਦੇ ਕੋਲੋਂ ਬਹੁਤ ਬਦਬੂ ਮਾਰ ਰਹੀ ਸੀ। ਆਸ਼ਰਮ ਦੇ ਸੇਵਾਦਰਾਂ ਵੱਲੋਂ ਇਸ ਬਜ਼ੁਰਗ ਨੂੰ ਚੁੱਕ ਕੇ ਆਸ਼ਰਮ 'ਚ ਲਿਆਂਦਾ ਗਿਆ। ਆਸ਼ਰਮ 'ਚ ਇਸਨੂੰ ਇਸ਼ਨਾਨ ਕਰਵਾਇਆ ਗਿਆ, ਪ੍ਰਸ਼ਾਦਾ-ਪਾਣੀ ਛਕਾਇਆ ਗਿਆ, ਮੰਜਾਂ-ਬਿਸਤਰਾ ਦਿੱਤਾ ਗਿਆ ਅਤੇ ਮੈਡੀਕਲ ਸਹਾਇਤਾ ਦਿੱਤੀ ਗਈ।

ਹਾਲਤ ਵਿੱਚ ਕੁਝ ਸੁਧਾਰ ਹੋਣ ਉਪਰੰਤ ਇਹਨਾਂ ਨਾਲ ਗੱਲ-ਬਾਤ ਕੀਤੀ ਗਈ ਤਾਂ ਇਹਨਾ ਨੇ ਦੱਸਿਆ ਕਿ ਇਹ 12 ਸਾਲ ਦੀ ਉਮਰ 'ਚ ਹੀ ਲੁਧਿਆਣੇ ਆ ਗਏ ਸਨ। ਉਸ ਸਮੇਂ ਤੋਂ ਹੀ ਲੁਧਿਆਣੇ ਵਿੱਚ ਮਜ਼ਦੂਰੀ ਕਰਕੇ ਆਪਣਾ ਗੁਜ਼ਾਰਾ ਕਰਦੇ ਸਨ। ਰਹਿਣ ਲਈ ਕੋਈ ਜਗ੍ਹਾ ਨਾ ਹੋਣ ਕਰਕੇ ਜ਼ਿਆਦਾ ਤਰ ਇਹ ਸੜਕਾਂ ਕਿਨਾਰੇ ਜਾਂ ਮੰਦਰਾਂ ਦੇ ਬਾਹਰ ਹੀ ਸੌਂ ਜਾਂਦੇ ਸਨ। ਹੁਣ ਕੁੱਝ ਹਫ਼ਤਿਆਂ ਤੋਂ ਇਹ ਮਾਡਲ ਟਾਊਨ ਦੇ ਤ੍ਰਿਕੋਨਾ ਪਾਰਕ ਵਿੱਚ ਭੁੰਜੇ ਹੀ ਸੌਂਦੇ ਸਨ। ਉਮਰ ਜ਼ਿਆਦਾ ਹੋਣ ਕਰਕੇ ਹੁਣ ਕੋਈ ਕੰਮ-ਕਾਜ ਵੀ ਨਹੀਂ ਮਿਲਦਾ ਸੀ, ਜਿਸ ਕਰਕੇ ਕਈ ਵਾਰ ਭੁੱਖਾ ਹੀ ਸੌਣਾ ਪੈਂਦਾ ਸੀ । ਹੁਣ ਆਸ਼ਰਮ 'ਚ ਆਉਣ ਉਪਰੰਤ ਚੰਗੀ ਸੇਵਾ-ਸੰਭਾਲ ਦਾ ਸਦਕਾ ਇਹ ਬਜ਼ੁਰਗ ਬਹੁਤ ਖੁਸ਼ ਦਿਖਾਈ ਦੇ ਰਹੇ ਹਨ ਕਿਉਂਕਿ ਕਿੱਥੇ ਭੁੱਖੇ ਪੇਟ ਸੜਕਾਂ ਕਿਨਾਰੇ ਭੁੰਜੇ ਹੱਡ ਰਗੜਨੇ, ਹੁਣ ਰੱਜਵਾਂ ਭੋਜਨ ਤੇ ਗਦੈਲਿਆਂ 'ਤੇ ਸੌਣਾ ।ਇਸ ਸੰਸਥਾ ਦੇ ਬਾਨੀ ਡਾ. ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਸੈਂਕੜੇ ਹੀ ਮਰੀਜ਼ਾਂ ਨੂੰ ਸੜਕਾਂ ਤੋਂ ਚੁੱਕ ਕੇ ਇਸ ਆਸ਼ਰਮ 'ਚ ਲਿਆਂਦਾ ਗਿਆ ਹੈ। ਇਸ ਆਸ਼ਰਮ ਵਿੱਚ ਦੋ ਸੌ (200) ਦੇ ਕਰੀਬ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆਂ ਨਾਲ ਪੀੜਤ ਲਾਵਾਰਸ-ਬੇਘਰ ਮਰੀਜ਼ ਪੱਕੇ ਤੌਰ 'ਤੇ ਰਹਿੰਦੇ ਹਨ ਜਿਨ੍ਹਾਂ 'ਚ ਬਹੁਤ ਸਾਰੇ ਮਰੀਜ਼ ਪੂਰੀ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵਲੋਂ ਕੀਤੀ ਜਾ ਰਹੀ ਇਹ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲ ਰਹੀ ਹੈ।

---

☞ ਸੰਘਰਸ਼ ਨੂੰ ਪ੍ਰਚੰਡ ਕਰਕੇ ਜ਼ਾਲਮ ਹਕੂਮਤਾਂ ਨੂੰ ਹਾਰ ਦੇਣ ਲਈ ਕੌਮ ਦੀ ਆਸ ਹੈ । ਉਨ੍ਹਾਂ ਕਿਹਾ ਦੇਖਣਾ ਜਦੋਂ ਪੰਜਾਂ ਤਖ਼ਤ ਸਾਹਿਬਾਨਾਂ ਤੇ ਅਰਦਾਸ ਸਮਾਗਮ ਸੰਪੂਰਨ ਹੋਏ ਫਿਰ ਭਾਈ ਅੰਮ੍ਰਿਤਪਾਲ ਸਿੰਘ ਤੇ ਬੰਦੀ ਸਿੰਘਾਂ ਵਿਰੁੱਧ ਜ਼ਾਲਮ ਹਕੂਮਤਾਂ ਦਾ ਬੁਣਿਆ ਜਾਲ ਮੀਰੀ ਪੀਰੀ ਦੇ ਮਾਲਕ ਬੰਦੀ ਛੋੜ ਸਤਿਗੁਰੂ ਅਵੱਸ਼ ਕੱਟਣਗੇ ਇਹ ਸਾਡਾ ਸਭ ਦਾ ਅਟੱਲ ਵਿਸ਼ਵਾਸ ਹੈ ।ਇਸ ਅਰਦਾਸ ਸਮਾਗਮ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਤੇ ਹੋਰ ਬੰਦੀ ਸਿੰਘਾਂ ਦੇ ਪਰਿਵਾਰਾਂ ਨਾਲ ਭਾਈ ਸੁਰਿੰਦਰ ਸਿੰਘ ਕਿਸ਼ਨਪੁਰਾ, ਅਖੰਡ ਕੀਰਤਨੀ ਜੱਥਾ ਦਿੱਲੀ ਦੇ ਭਾਈ ਅਰਵਿੰਦਰ ਸਿੰਘ ਰਾਜਾ, ਭਾਈ ਮਨਪ੍ਰੀਤ ਸਿੰਘ ਖਾਲਸਾ, ਭਾਈ ਗੁਰਪ੍ਰੀਤ ਸਿੰਘ ਤੋਂ ਇਲਾਵਾ ਭਾਈ ਸਾਹਿਬ ਵੱਲੋਂ ਅਰੰਭੀ ਖ਼ਾਲਸਾ ਵਹੀਰ ਦੌਰਾਨ ਨਸ਼ਾ ਛੱਡ ਕੇ ਗੁਰੂ ਵਾਲੇ ਬਣਨ ਵਾਲੇ ਨੌਜਵਾਨਾਂ ਦੇ ਪਰਿਵਾਰਾਂ ਦੀਆਂ ਬੀਬੀਆਂ ਸਮੇਤ ਸੈਂਕੜਿਆਂ ਦੀ ਗਿਣਤੀ ਵਿੱਚ ਸੰਗਤਾਂ ਪੰਜਾਬ ਤੋਂ ਚੱਲ ਕੇ ਸ਼ਾਮਲ ਹੋਈਆਂ। ਖ਼ਾਲਸਾ ਵਹੀਰ ਦੌਰਾਨ ਨਸ਼ਾ ਛੱਡਣ ਵਾਲੇ ਨੌਜਵਾਨਾਂ ਦੇ ਪਰਿਵਾਰਾਂ ਦੀਆਂ ਵੱਡੀ ਗਿਣਤੀ ਵਿੱਚ ਬੀਬੀਆਂ ਸਮੇਤ ਪੰਜਾਬ ਤੋਂ ਪਹੁੰਚੀਆਂ ਸੈਂਕੜੇ ਸੰਗਤਾਂ ਨੇ ਹਿੱਸਾ ਲਿਆ ।

# ਨਵਜੋਤ ਸਿੱਧੂ ਵੱਲੋਂ ਲੋਕ ਸਭਾ ਚੋਣ ਲੜਨ ਤੋਂ ਇਨਕਾਰ



ਚੰਡੀਗੜ੍ਹ:-ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੁਰਖਿਆਂ ਦੇ ਪਿੰਡ ਮਹਿਰਾਜ 'ਚ ਐਤਵਾਰ ਨੂੰ 'ਜਿੱਤੇਗਾ ਪੰਜਾਬ' ਰੈਲੀ ਕਰਨ ਲਈ ਪੁੱਜੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਪ੍ਰੈੱਸ ਕਾਨਫਰੰਸ ਦੌਰਾਨ ਸਾਫ ਕਰ ਦਿੱਤਾ ਕਿ ਉਹ ਆਗਾਮੀ ਲੋਕ ਸਭਾ ਚੋਣਾਂ ਨਹੀਂ ਲੜਨਗੇ। ਪੱਤਰਕਾਰਾਂ ਵੱਲੋਂ ਪੁੱਛੇ ਸਵਾਲਾਂ ਦੇ ਉੱਤਰ ਦਿੰਦਿਆਂ ਉਨ੍ਹਾਂ ਆਪਣੀ ਪਤਨੀ ਨਵਜੋਤ ਕੌਰ ਸਿੱਧੂ ਵੱਲੋਂ ਚੋਣ ਲੜਨ ਬਾਰੇ ਕਿਹਾ ਕਿ 'ਉਸ ਦਾ ਜਵਾਬ ਉਹੀ ਦੇ ਸਕਦੇ ਹਨ'। ਚੋਣ ਪ੍ਰਚਾਰ ਕਰਨ ਬਾਰੇ ਉਨ੍ਹਾਂ ਕਿਹਾ ਕਿ ਉਹ ਪਾਰਟੀ ਦੇ ਸਿਪਾਹੀ ਹਨ, ਜੇ ਵੱਡੇ ਆਗੂ ਕਹਿਣਗੇ ਤਾਂ ਜ਼ਰੂਰ ਕਰਨਗੇ। ਉਨ੍ਹਾਂ ਕਿਹਾ ਕਿ ਜਦੋਂ ਚੋਣ ਕਮਿਸ਼ਨ ਸਮੇਤ ਹਰ ਅਦਾਰੇ 'ਚ ਆਪਣੇ ਬੰਦੇ ਬਿਠਾਏ ਜਾ ਰਹੇ ਹੋਣ ਤਾਂ ਕੌਣ ਰੋਕੂ? ਰੈਲੀ ਲਈ ਮਹਿਰਾਜ ਨੂੰ ਕਿਉਂ ਚੁਣਿਆ ਗਿਆ? ਸਵਾਲ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਜਿੱਥੋਂ ਸੱਦਾ ਆਊਗਾ, ਉਥੇ ਹੀ ਜਾਵਾਂਗਾ। ਉਨ੍ਹਾਂ ਕਿਹਾ ਕਿ ਸਿੱਧੂ ਦਾ ਭਵਿੱਖ ਤਿੰਨ ਕਰੋੜ ਪੰਜਾਬੀਆਂ ਦਾ ਭਵਿੱਖ ਹੈ ਅਤੇ ਸਿੱਧੂ ਨੇ ਜਿੱਥੇ ਸਟੈਂਡ ਲਿਆ ਪਿੱਛੇ ਨਹੀਂ ਹਟਿਆ।

UNIVERSAL TENT RENTAL LTD.

PARTY RENTALS
• Chair Rentals
• Tables Rentals
• Audio/Visual
• Linens Rentals
• BBQ'S Rentals
• Portable Bar
• Carpet
• Dance Floor
• Lighting
• Decor & More.






Call today to book
your special event
Jaswinder (Jessie) Thandi
Ph: 604.951.2905
Cell: 604.825.8588

Wedding, Anniversary, Birthday Party or Any other Occasion
ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ

NOW HIRING
Email: info@universaltent.ca
www.universaltent.ca

UNIVERSAL BUILDING MAINTENANCE LTD.
Since 1987




*RESIDENTIAL *COMMERCIAL *INDUSTRIAL

• Pressure Washing
• Carpet Cleaning
• Driveway Washing & Sealing
• Gutter Cleaning
• Floor Cleaning
• Waxing & Sealing
• New House Cleaning

Fast & Quality Service Reasonable Rates

Call Jaswinder (Jessie) Thandi
Cell: 604-377-2641
Bus: 604-951-2909
Website:www.universalbuildingmaintenance.ca
Email:universalbuildingmaintenance01@gmail.com

# DREAM BANQUET HALL

Birthday, Wedding, Reception, anniversary, Jago, Kitty Parties, Graduation, Seminars, Fund Raising, Business Meeting, Corporate Events






Dream Catering "Your Venue, Our Food"

We provide various Menu Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ, ਸੈਮੀਨਾਰ, ਫੰਡ ਰੇਜ਼ਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

For Bookings, Contact: 604-203-7272

7236 -120St, Surrey, BC Email:info@dreambanquethall.ca



www.deltondentures.com

# DELTON DENTURE CLINIC LTD.

Denturists Are Denture Specialist

ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ

- Complete Dentures
- Immediate Dentures
- Partial Dentures
- Dentures Over Implants
- Same Day Relines
- Repairs, Soft Linings
- Sport Guards

ਅਸੀਂ ਦੰਦ ਬਣਾਉਣ 'ਚ ਮਾਹਿਰ ਹਾਂ

WE ARE DENTURISTS

CONSUMER CHOICE AWARD 2018 VANCOUVER

Business Category Denturist

ਅਸੀਂ ਜੁਬਾੜੇ ਬਣਾਉਂਦੇ ਹਾਂ

*Get a Beautiful Smile*







Chris Kozakiewicz

BSc., R.D.

Mon-Fri: 9am-5pm, Saturdays By Appointment

Scott 72 Shopping Centre

#209- 7313-120th St., Delta ( Above London Drugs & Staples )

604.590.1111



ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

# SARDAR JI CATERING

Website:www.sardarjicatering.com





ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

ੴ

TRUTH IS THE HIGHEST OF ALL THINGS:
HIGHER STILL IS TRUTHFUL LIVING -GURU NANAK DEV JI

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ

12885-85Ave. Surrey, BC V3W 0K8 Canada






## ਹਫਤਾਵਾਰੀ ਪ੍ਰੋਗਰਾਮ

ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰ ਕੌਰ ਅਤੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਸ਼ਹੀਦਾਂ ਦੇ ਅਸਥਾਨ
ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ ਵਿਖੇ ਵਿਸ਼ੇਸ਼ ਪ੍ਰੋਗਰਾਮ ਉਲੀਕੇ ਗਏ ਹਨ ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ

| ਦਸੰਬਰ 22 | ਦਸੰਬਰ 23 | ਦਸੰਬਰ 23 | ਦਸੰਬਰ 24 | ਦਸੰਬਰ 24 | ਦਸੰਬਰ 26 |
|---|---|---|---|---|---|
| ਢਾਡੀ ਦਰਬਾਰ<br>ਸ਼ਾਮ 6.30 ਤੋਂ 9 ਵਜੇ ਤੱਕ | ਅਖੰਡ ਕੀਰਤਨੀ ਜਥੇ ਵੱਲੋਂ ਕੀਰਤਨ<br>ਸ਼ਾਮ 6.30 ਤੋਂ 8.30 ਵਜੇ ਤੱਕ | ਗੁਰਬਾਣੀ ਕੰਠ ਮੁਕਾਬਲੇ<br>ਅਤੇ ਲੰਬੇ ਕੇਸਾਂ ਦੇ ਮੁਕਾਬਲੇ<br>ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ | ਦਸਤਾਰ ਅਤੇ ਦੁਮਾਲਾ ਮੁਕਾਬਲੇ<br>ਗਰੈਂਡ ਤਾਜ ਬੈਂਕੁਇਟ ਹਾਲ ਸਰੀ ਵਿਖੇ<br>ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ | ਦੁਪਹਿਰ 1 ਵਜੇ ਮੇਨ ਹਾਲ<br>ਦੀਵਾਨ ਹਾਲ ਵਿਚ<br>ਅਖੰਡਪਾਠ ਸਾਹਿਬ ਆਰੰਭ ਹੋਣਗੇ | ਸ਼ਾਮ 5 ਵਜੇ ਭੋਗ ਪਾਏ ਜਾਣਗੇ<br>ਸਮੂਹ ਸੰਗਤਾਂ ਨੂੰ ਪਹੁੰਚਣ ਲਈ<br>ਬੇਨਤੀ ਕੀਤੀ ਜਾਂਦੀ ਹੈ |

## ਗੁ. ਦਸ਼ਮੇਸ਼ ਦਰਬਾਰ ਸਰੀ ਵੱਲੋਂ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹੀਦੀ ਨੂੰ ਸਮਰਪਿਤ

ਸ਼ੀਸ਼ਾ, ਬਾਜ ਸਪਰੇਅ ਬੋਤਲ ਤੇ ਪਿਨ ਦਿੱਤੇ ਜਾਣਗੇ

# ਦਸਤਾਰ ਅਤੇ ਦੁਮਾਲਾ ਮੁਕਾਬਲਾ ਅਤੇ ਢਾਡੀ ਦਰਬਾਰ ਤੇ ਗਤਕਾ

ਗੁਰੂ ਕਾ ਲੰਗਰ ਅਤੁੱਟ ਵਰਤੇਗਾ

24 ਦਸੰਬਰ ਦਿਨ ਐਤਵਾਰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ
ਸਥਾਨ:ਗਰੈਂਡ ਤਾਜ ਬੈਂਕੁਇਟ ਹਾਲ ਸਰੀ (8388-128ਸਟਰੀਟ ਸਰੀ)

### ਰਜਿਸਟਰੇਸ਼ਨ ਲਈ ਸੰਪਰਕ ਕਰੋ

ਗੁਰਦੀਪ ਸਿੰਘ ਸਮਰਾ:604-807-5020
ਜਸਬੀਰ ਸਿੰਘ:778-862-4966
ਅਮਰੀਕ ਸਿੰਘ:604-414-6030
ਗੁਰਦਾਵਰ ਸਿੰਘ:604-783-0384

| ਉਮਰ | | ਜੇਤੂ ਇਨਾਮ | | |
|---|---|---|---|---|
| 6-12 ਸਾਲ | ਪਹਿਲਾ-$100 | ਦੂਜਾ $50 | ਤੀਜਾ-$25 | (ਗਿਫਟ ਕਾਰਡ) |
| 13-18 ਸਾਲ | ਪਹਿਲਾ-$100 | ਦੂਜਾ $50 | ਤੀਜਾ-$25 | (ਗਿਫਟ ਕਾਰਡ) |
| 19-25 ਸਾਲ | ਪਹਿਲਾ-ਲੈਪਟਾਪ | ਦੂਜਾ Tablet | ਤੀਜਾ-$100(ਗਿਫਟ ਕਾਰਡ) | |
| 26-35 ਸਾਲ | ਪਹਿਲਾ-ਲੈਪਟਾਪ | ਦੂਜਾ Tablet | ਤੀਜਾ-$100(ਗਿਫਟ ਕਾਰਡ) | |
| 36-55 ਸਾਲ | ਪਹਿਲਾ-$100 | ਦੂਜਾ $50(ਗਿਫਟ ਕਾਰਡ) | ਤੀਜਾ-ਰੇਡੀਓ | |

## ਵਧੇਰੇ ਜਾਣਕਾਰੀ ਲਈ ਫੋਨ ਕਰੋ (ਗੁਰਦੁਆਰਾ ਸਾਹਿਬ):604-594-2574

OZLA

# OZLA FURNITURE

## ALL KINDS OF DESIGNER, MODERN AND CUSTOM FURNITURE



























SOLID MAPLEWOOD
BEST PRICES




*CUSTOM BEDROOM SUITES

*BOX BEDS *HEADBOARDS

*DRESSERS *CHESTS

*MIRROR *SIDE TABLES

**MADE IN CANADA**

ਅਸੀਂ ਆਪਣੀ ਫੈਕਟਰੀ ਵਿਚ ਆਪਣਾ ਸਾਰਾ ਸਮਾਨ ਵਧੀਆ ਕੁਆਲਿਟੀ ਦਾ ਬਣਾਉਂਦੇ ਹਾਂ।
ਅਸੀਂ ਆਪ ਮੈਨੂਫੈਕਚੁਅਰ ਹਾਂ।ਸਾਡੀ ਫਰਨੀਚਰ ਕੁਆਲਿਟੀ ਨੂੰ ਕੋਈ ਬੀਟ ਨਹੀਂ ਕਰ ਸਕਦਾ।

Business Hours:
Mon-Fri 6am to 2pm
Saturday/Sunday:Closed

**604-372-2122**

Email:info@ozla.ca

#109-18669 52 AVE SURREY, BC

www.ozla.ca

ਦੇਗ ਤੇਗ ਫਤਹਿ

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



## ਸਾਹਿਬਜਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ

## ਸਫ਼ਰ ਏ ਸ਼ਹਾਦਤ

1) ਸਫਰ ਏ ਸ਼ਹਾਦਤ ਨੂੰ ਸਮਰਪਿਤ ਸ੍ਰੀ ਅਖੰਡ ਪਾਠਾਂ ਦੀ ਲੜੀ 14 ਦਸੰਬਰ ਤੋਂ ਆਰੰਭ ਹੈ ਜਿਸਦੀ ਸਮਾਪਤੀ 28 ਦਸੰਬਰ ਨੂੰ ਹੋਵੇਗੀ। ਤੁਸੀਂ ਅਖੰਡਪਾਠ ਸਾਹਿਬ ਦੀ ਸੇਵਾ ਲੈ ਸਕਦੇ ਹੋ।

2) ਸਫਰ ਏ ਸ਼ਹਾਦਤ ਨੂੰ ਸਮਰਪਿਤ 24 ਦਸੰਬਰ ਦਿਨ ਐਤਵਾਰ ਨੂੰ ਬੱਚਿਆਂ ਦਾ ਕੀਰਤਨ ਦਰਬਾਰ ਹੋਵੇਗਾ ਜਿਸ ਵਿਚ ਸਾਰੇ ਬੱਚੇ ਹਿੱਸਾ ਲੈ ਸਕਦੇ ਹਨ। ਰਾਤ 7 ਵਜੇ ਤੋਂ 9.30 ਵਜੇ ਤੱਕ ਚਾਰ ਸਾਹਿਬਜਾਦੇ ਮੂਵੀ ਮੇਨ ਦਰਬਾਰ ਵਿਚ ਦਿਖਾਈ ਜਾਵੇਗੀ। ਸਮੂਹ ਸੰਗਤਾਂ ਨੇ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

*ਸਫਰ ਏ ਸ਼ਹਾਦਤ ਨੂੰ ਸਮਰਪਿਤ ਸ਼ਬਦ ਚੌਂਕੀ 20 ਦਸੰਬਰ ਤੋਂ 28 ਦਸੰਬਰ ਤੱਕ ਹੋਵੇਗੀ ਜੋ ਕਿ ਸ਼ਾਮ 5 ਤੋਂ 6 ਵਜੇ ਤੱਕ ਹੋਇਆ ਕਰੇਗੀ।

22 ਦਸੰਬਰ ਦਿਨ ਸ਼ੁੱਕਰਵਾਰ ਨੂੰ ਪਿੰਡ ਖੋਸਾ ਜ਼ਿਲ੍ਹਾ ਮੋਗਾ ਦੀ ਸਮੂਹ ਸੰਗਤ ਵੱਲੋਂ ਬਾਬਾ ਫਤਹਿ ਸਿੰਘ ਜੀ ਦੀ ਯਾਦ ਵਿਚ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ ਭੋਗ 24 ਦਸੰਬਰ ਦਿਨ ਐਤਵਾਰ ਨੂੰ ਪਾਏ ਜਾਣਗੇ।

### ਸਵੇਰ ਦੇ ਨਿਤਨੇਮ

*ਪ੍ਰਕਾਸ਼ ਸਵੇਰੇ 3.30 ਵਜੇ    *ਸਿਮਰਨ ਸਵੇਰੇ 4 ਵਜੇ ਤੋਂ 5 ਵਜੇ ਤੱਕ

*5 ਬਾਣੀਆਂ ਦੇ ਨਿਤਨੇਮ 5 ਵਜੇ ਤੋਂ 6.30 ਵਜੇ ਤੱਕ

*ਕੀਰਤਨ ਆਸਾ ਦੀ ਵਾਰ 6.30 ਤੋਂ 8 ਵਜੇ ਤੱਕ

*ਕਥਾ 8 ਵਜੇ ਤੋਂ 9 ਵਜੇ ਤੱਕ    ਉਪਰੰਤ ਅਰਦਾਸ ਅਤੇ ਸਮਾਪਤੀ

### ਸ਼ਾਮ ਦੇ ਨਿਤਨੇਮ

*ਸ਼ਬਦ ਕੀਰਤਨ 2.45 ਤੋਂ 3.45 ਤੱਕ    *ਸੋ-ਦਰ ਚੌਂਕੀ 3.45 ਤੋਂ 4.45 ਤੱਕ

*ਪਾਠ ਸ੍ਰੀ ਰਹਿਰਾਸ ਸਾਹਿਬ ਅਤੇ ਅਰਦਾਸ 4.45 ਤੋਂ 5.30

*ਆਰਤੀ ਚੌਂਕੀ 5.30 ਤੋਂ 6.15    *ਕਥਾ 6.15 ਤੋਂ 6.50 ਵਜੇ ਤੱਕ

*ਢਾਡੀ 6.50 ਤੋਂ 7.40 ਤੱਕ    ਉਪਰੰਤ ਅਰਦਾਸ ਅਤੇ ਸਮਾਪਤੀ

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ:ਭਾਈ ਗੁਰਿੰਦਰ ਸਿੰਘ ਜ਼ੀਰਾ ਵਾਲਿਆਂ ਦਾ ਜਥਾ, ਭਾਈ ਭਗਤਜੀਤ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਸਤਨਾਮ ਸਿੰਘ ਹਜੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ    ਢਾਡੀ ਜਥਾ:ਭਾਈ ਮਨਪ੍ਰੀਤ ਸਿੰਘ ਅਕਾਲਗੜ

### ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530   ਬਲਵੀਰ ਸਿੰਘ ਬਨਵੈਤ (ਪ੍ਰਧਾਨ) 604-636-4247

# ਸੰਸਾਰ ਦੇ ਕਰੂਰ ਤਾਨਾਸ਼ਾਹ ਹਿਟਲਰ ਅਤੇ ਸਟਾਲਿਨ

ਦੋਨੋਂ ਤਾਨਾਸ਼ਾਹ, ਦੋਨੋ ਜਰਵਾਣੇ, ਦੋਨੋ ਕਤਲਗਾਹ ਦੇ ਜਲਾਦ, ਦੋਨੋਂ ਮਨੁਖਤਾ ਦੇ ਕਾਤਲ ਪਰ ਫਰਕ ਇਹ ਕਿ ਹਿਟਲਰ ਹਾਰ ਗਿਆ ਸਟਾਲਿਨ ਜਿਤ ਗਿਆ। ਹਿਟਲਰ ਦੇ ਜੁਲਮ ਨਸ਼ਰ ਹੋ ਗਏ ਸਟਾਲਿਨ ਦੇ ਦਬ ਗਏ। ਹਿਟਲਰ ਜਰਵਾਣਾ ਹੋ ਗਿਆ ਸਟਾਲਿਨ ਇਨਕਲਾਬੀ।

ਬਸ ਜਿਤ ਹਾਰ ਦਾ ਹੀ ਫਰਕ ਰਿਹਾ ਬਾਕੀ ਤਾਨਾਸ਼ਾਹ ਦੋਨੋਂ ਹੀ ਕਸਰ ਦੋਨਾ ਨਹੀ ਛਡੀ।

ਹਿਟਲਰ ਅਤੇ ਸਟਾਲਿਨ ਵਿਚ ਪਰ ਇਕ ਵਡਾ ਫਰਕ ਸੀ ਹਿਟਲਰ ਨੇ ਓਹ ਲੋਕ ਮਾਰੇ ਜੀਹਨਾ ਨੂੰ ਓਹ ਅਪਣੇ ਦੁਸ਼ਮਣ ਸਮਝਦਾ ਸੀ ਪਰ ਸਟਾਲਿਨ ਨੇ ਤਾਂ ਓਹ ਵੀ ਨਹੀ ਛਡੇ ਜਿਹੜੇ ਉਸ ਦੇ ਅਪਣੇ ਮੁਲਖ ਦੇ ਸਨ ਅਤੇ ਇਸ ਤੋਂ ਵੀ ਅਗੇ ਜਿਹੜੇ ਇਨਕਲਾਬ ਦੇ ਦਿਨਾ ਵਿਚ ਇਨਕਲਾਬ ਲਈ ਲੜਦੇ ਰਹੇ ਸਨ ਅਤੇ ਮੂਹਰਲੀਆਂ ਕਤਾਰਾਂ ਦੇ ਗੁਰੀਲੇ ਰਹਿ ਚੁਕੇ ਸਨ।

ਹਿਟਲਰ ਜਰਵਾਣਾ ਸੀ ਪਰ ਅਪਣੇ ਲੋਕਾਂ ਅਤੇ ਟੱਬਰ ਪ੍ਰਤੀ ਈਮਾਨਦਾਰ ਸੀ ਜਦ ਕਿ ਸਟਾਲਿਨ ਨੇ ਨਾ ਅਪਣੇ ਲੋਕ ਨਾ ਟੱਬਰ ਬਖਸ਼ਿਆ।

ਲਿਓ ਟਰੈਸਕੀ ਨਾ ਦਾ ਇਨਕਲਾਬੀ ਜਿਹੜਾ ਲੈਨਿਨ ਵੇਲੇ ਮੂਹਰਲੀਆਂ ਸਫਾਂ ਦਾ ਲੀਡਰ ਸੀ ਉਸ ਨੂੰ ਜਲਾਵਤਨ ਯਾਣੀ ਜਲੀਲ ਕਰ ਕਰ ਕੇ ਮਾਰਿਆ ਸਟਾਲਿਨ ਨੇ। ਰੂਸ ਵਿਚ ਉਸ ਦੇ ਛੋਟੇ ਪੁੱਤਰ ਸਰਗੋਈ ਨੂੰ ਇਸ ਕਰਕੇ ਤੜਫਾ ਤੜਫਾ ਮਾਰਿਆ ਕਿ ਓਹ ਸਟੇਟਮੈਂਟ ਦੇਵੇ ਕਿ ਪਿਓ ਉਸ ਦਾ ਹਿਟਲਰ ਨਾਲ ਰਲ ਗਿਆ ਹੈ।

ਸਟਾਲਿਨ ਨੇ ਕੋਈ ਓਹ ਪੁਰਾਣਾ ਸਾਥੀ ਜਾਂ ਜਰਨੈਲ ਨਹੀ ਛਡਿਆ ਜਿਸ ਬਾਰੇ ਉਸ ਨੂੰ ਭੋਰਾ ਵੀ ਸ਼ਕ ਹੋਇਆ ਕਿ ਇਹ ਮੇਰੇ ਲਈ ਸਿਰਦਰਦੀ ਬਣ ਸਕਦਾ ਹੈ ਜਾਂ ਬੋਲਣ ਦੀ ਜੁਅਰਤ ਕਰ ਸਕਦਾ ਹੈ।

ਇਹ ਗਲ ਲੈਨਿਨ ਵੀ ਕਹਿ ਗਿਆ ਸੀ ਕਿ ਉਸ ਨੇ ਸਟਾਲਿਨ ਨੂੰ ਪਾਰਟੀ ਦਾ ਸਕੱਤਰ ਥਾਪ ਕੇ ਗਲਤੀ ਕੀਤੀ ਅਤੇ ਆਖਰ ਵਿਚ ਉਸ ਨੇ ਸਟਾਲਿਨ ਨਾਲੋਂ ਸਬੰਧ ਤੋੜ ਲਏ ਪਰ ਓਦੋਂ ਤਕ ਸਟਾਲਿਨ ਪਾਰਟੀ ਅੰਦਰ ਤਾਕਤ ਫੜ ਚੁਕਾ ਸੀ ਅਤੇ ਲੈਨਿਨ ਬੇਬਸ। ਅਤੇ ਸ਼ੱਕ ਕੀਤਾ ਜਾਂਦਾ ਰਿਹਾ ਕੀ ਛੇਤੀ ਗੱਦੀ ਸਾਂਭਣ ਦੇ ਗੇੜ ਵਿਚ ਜਹਿਰ ਦੇ ਕੇ ਲੈਨਿਨ ਨੂੰ ਸਮੇ ਤੋਂ ਪਹਿਲਾਂ ਹੀ ਤੁਰਦਾ ਕਰ ਦਿਤਾ ਗਿਆ। ਇਥੇ ਤਕ ਕਿ ਗੋਰਕੀ ਦੀ ਮੌਤ ਨੂੰ ਵੀ ਸਟਾਲਿਨ ਵਲੋਂ ਉਸ ਦਾ ਖੂਨ ਕੀਤਾ ਸਮਝਿਆ ਜਾਂਦਾ ਰਿਹਾ।

ਬਾਕੀ ਕਾਮਰੇਡਾਂ ਦੀ ਛਡੋ ਪਰ ਬੋਲਣ ਦੀ ਅਜਾਦੀ ਉਪਰ ਬੁੜਕਣ ਵਾਲੇ ਪੰਜਾਬ ਦੇ ਕਾਮਰੇਡ ਇਸ ਗਲੇ ਹਮੇਸ਼ਾਂ ਚੁਪ ਰਹੇ ਕਿ ਸਟਾਲਿਨ ਦੀ ਤਾਨਾਸ਼ਾਹੀ ਹੇਠ ਰੂਸ ਦੇ ਲੋਕਾਂ ਨੂੰ ਬੋਲਣ ਦੀ ਕੀਮਤ ਕਿੰਨੀ ਮਹਿੰਗੀ ਤਾਰਨੀ ਪਈ ਅਤੇ ਲਖਾਂ ਲੋਕਾਂ ਦੀ ਬਲੀ ਦੇ ਕੇ ਤਾਰਨੀ ਪਈ।

ਸਟਾਲਿਨ ਨੇ ਅਪਣੀ ਫੌਜ ਦੇ ਜਰਨੈਲ ਅਤੇ ਪਾਰਟੀ ਦੇ ਮੈਂਬਰ ਦਾਣਿਆਂ ਤਰਾਂ ਭੁੰਨ ਸੁਟੇ ਕਿਓਕਿ ਓਹ ਸਟਾਲਿਨ ਦੀ ਤਾਨਾਸ਼ਹੀ ਵਿਰੁਧ ਬੋਲਣਾ ਚਾਹ ਰਹੇ ਸਨ।

ਚਲਦੀ ਪਾਰਟੀ ਵਿਚ 26 ਸਾਲਾ ਸਵੇਤਲਾਨਾ ਯਾਣੀ ਕੁੜੀ ਆਵਦੀ ਨੂੰ ਸਟਾਲਿਨ ਨੇ ਲੋਕਾਂ ਸਾਹਵੇਂ ਇਸ ਕਰਕੇ ਵਾਲਾਂ ਤੋਂ ਧੂਹ ਕੇ ਬਾਹਰ ਮਾਰਿਆ ਕਿਓਂਕਿ ਉਸ ਨੇ ਉਸ ਦੇ ਕਹੇ ਡਾਂਸ ਨਾ ਸੀ ਕੀਤਾ।

ਦੂਜੀ ਘਰਵਾਲੀ ਸਟਾਲਿਨ ਦੀ ਉਸ ਦੀ ਜਰਵਾਣਾ ਬਿਰਤੀ ਤੋਂ ਤੰਗ ਆ ਕੇ ਸੂਸਾਈਡ ਕਰ ਗਈ। ਸਟਾਲਿਨ ਦੇ ਸ਼ਰਾਬੀ ਪਿਓ ਤੋਂ ਜੋ ਉਸ ਨੂੰ ਛਿਤਰ ਪੌਲਾ ਮਿਲਿਆ ਸੀ ਉਸ ਨੂੰ ਉਸ ਨੇ ਬਾਖੂਬ ਲੋਕਾਂ ਉਪਰ ਕਹਿਰ ਢਾਹ ਢਾਹ ਕੇ ਮੋੜਿਆ।

ਸਟਾਲਿਨ ਦੇ ਤਾਨਾਸ਼ਾਹੀ ਕਨੂੰਨ ਮੁਤਾਬਕ 90% ਕਿਸਾਨ ਦੀ ਫਸਲ ਦਾ ਹਿਸਾ ਸਿਧਾ ਸਰਕਾਰੀ ਖਾਤੇ ਜਾਂਦਾ ਸੀ ਜਦਕਿ ਖੂਨ ਪਸੀਨਾ ਵਹਾਓਂਣ ਵਾਲੇ ਕਿਸਾਨ ਦੇ ਪੱਲੇ ਕੇਵਲ 10% ਰਹਿ ਜਾਦਾ ਜਿਸ ਤੋਂ ਤੰਗ ਆ ਕੇ ਕਿਸਾਨਾ ਨੇ ਜਦ ਰੋਸ ਪ੍ਰਗਟ ਕਰਨਾ ਚਾਹਿਆ ਤਾਂ ਕਰੀਬਨ ਤੀਹ ਲਖ ਕਿਸਾਨ ਮੌਤ ਦੇ ਘਾਟ ਉਤਾਰ ਦਿਤਾ ਗਿਆ ਅਤੇ 1930 ਤੋਂ 1936 ਤਕ 60 ਲਖ ਕਿਸਾਨ ਭੁਖ ਨਾਲ ਮਰ ਗਿਆ।

ਮਜਦੂਰਾਂ ਨੂੰ 'ਪਰੋਡੈਕਸ਼ਨ' ਦਾ ਟਾਰਗਿਟ ਦਿਤਾ ਜਾਂਦਾ ਸੀ ਜੇ ਓਹ ਪੂਰਾ ਨਹੀ ਸਨ ਕਰ ਪਾਓਂਦੇ ਤਾਂ ਸਾਇਬੇਰੀਆ ਦੀਆਂ ਬਰਫਾਂ ਵਿਚ ਮਰਨ ਲਈ ਭੇਜ ਦਿਤਾ ਜਾਂਦਾ ਸੀ ਜਿਥੇ ਕਈ ਦਫਾ ਭੁਖ ਤੋਂ ਤੰਗ ਆਏ ਓਹ ਇਕ ਦੂਏ ਨੂੰ ਹੀ ਮਾਰ ਮਾਰ ਖਾਣ ਲਗੇ ਸਨ।

ਸਟਾਲਿਨ ਦੀ ਤਾਨਾਸ਼ਾਹੀ ਹੇਠ ਰੂਸ ਦੇ ਕਿਸਾਨਾ ਅਤੇ ਮਜਦੂਰਾਂ ਉਪਰ ਜੋ ਕਹਿਰ ਢਾਹੇ ਜਾ ਚੁਕੇ ਨੇ ਕਾਮਰੇਡਾਂ ਨੂੰ ਝੰਡੇ ਆਵਦੇ ਵਿਚ ਦਾਤੀ ਹਥੌੜਾ ਨਹੀ ਬਲਕਿ ਖੂਨ ਨਾਲ ਭਿਜਿਆ ਕੁਹਾੜਾ ਲਾਓਂਣਾ ਚਾਹੀਦਾ ਸੀ ਜਿਸ ਨੇ ਖੁਦ ਦੇ ਮੁਲਖ ਦੇ ਲੋਕ ਇਓਂ ਵਢੇ ਜਿਵੇਂ ਜੰਗਲ ਵਢੀਦੇ ਨੇ।

ਕਾਸ਼ ਕਿਤੇ ਪੰਜਾਬ ਦਾ ਸੜਕਸ਼ਾਪ ਕਾਮਰੇਡ ਮਹਾਰਾਜਾ ਰਣਜੀਤ ਸਿੰਘ ਦੀ ਤੀਜੀ ਅਖ ਦੀ ਬਜਾਇ ਸਟਾਲਿਨ ਦੀ ਅੰਨ੍ਹੀ ਅਖ ਵਰਗਾ ਨਾਵਲ ਵੀ ਲਿਖ ਜਾਂਦਾ ਤਾਂ ਕਿ ਇਨਾ ਦੀ ਕੁਝ ਤਾਂ ਈਮਾਨਦਾਰੀ ਬਚੀ ਰਹਿੰਦੀ ਕਿ ਬੜੇ ਸਚ ਪੁਤ ਨੇ।

ਸਟਾਲਿਨ ਦੇ ਜੁਲਮਾਂ ਬਾਰੇ ਗਲ ਕਰੀਏ ਤਾਂ ਜਲਾਵਤਨੀ ਕਟ ਰਿਹਾ ਸਿਖਰ ਦਾ ਲੀਡਰ ਟਰੈਸਕੀ ਆਂਹਦਾ ਕਿ ਜਾਰ ਵੇਲੇ ਦੇ ਹੋਏ ਕਤਲਾਂ ਤੋਂ ਲੈ ਕੇ ਬਿਮਾਰੀਆਂ ਨਾਲ, ਜਲਾਵਤਨੀ ਅਤੇ ਸੰਸਾਰ ਜੰਗ ਵਿਚ ਓਨੇ ਲੋਕ ਨਾ ਮਰੇ ਸਨ ਜਿੰਨੇ ਇਕੱਲੇ ਸਟਾਲਿਨ ਨੇ ਮਾਰ ਕਢੇ ਅਤੇ ਓਹ ਇਸ ਲਾਸ਼ਾਂ ਦੇ ਢੇਰ ਉਪਰ ਉਸਰੇ ਇਸ ਇਨਕਲਾਬ ਨੂੰ ਠੱਗਿਆ ਗਿਆ ਇਨਕਲਾਬ ਮੰਨਦਾ ਸੀ ਓਹ ਅਤੇ ਸਟਾਲਿਨ ਨੂੰ ਦਰਿੰਦਾ ਜਿਹੜਾ 'ਫਾਇਰਿੰਗ ਸੁਕੁਐਡ' ਨਾ ਦੀ ਸਪੈਸ਼ਲ ਫੌਜ ਅਪਣੇ ਹੀ ਮੁਲਖ ਦੇ ਲੋਕਾਂ ਨੂੰ ਭੁੰਨਣ ਖਾਤਰ ਖੜੀ ਕਰੀ ਫਿਰਦਾ ਰਿਹਾ।

ਸਟਾਲਿਨ ਦੇ ਗੁਲਾਗ ਕੈਂਪਾਂ ਦੀ ਕਹਿਰ ਭਰੀ ਦਾਸਤਾਨ ਪੜ ਕੇ ਰੂਹ ਕੰਬ ਜਾਂਦੀ ਹੈ ਅਤੇ ਹਿਟਲਰ ਦੇ ਚੈਂਬਰਾਂ ਦੇ ਜੁਲਮ ਛੋਟੇ ਜਾਪਣ ਲਗਦੇ ਹਨ। ਗੁਲਾਗ ਕੈਂਪਾਂ ਵਿਚ ਕੋਈ ਇਕ ਕਰੋੜ 80 ਲਖ ਲੋਕ ਭੁਖ ਅਤੇ ਠੰਡ ਨਾਲ ਤੜਫਾ ਤੜਫਾ ਮਾਰੇ ਸਟਾਲਿਨ ਨੇ।

ਹਾਲੇ ਲੜਾਈ ਜਿਤਣ ਤੋਂ ਬਾਅਦ ਸਟਾਲਿਨ ਦੀਆਂ ਫੌਜਾਂ ਜਰਮਨੀ ਦੇ ਆਮ ਲੋਕਾਂ ਉਪਰ ਜੋ ਕਹਿਰ ਢਾਹੇ ਖਾਸਕਰ ਔਰਤਾਂ ਉਪਰ ਬਿਆਨੋ ਬਾਹਰ ਨੇ।

ਇਨਕਲਾਬ ਦਾ ਮੱਤਲਬ ਹੁੰਦਾ ਤਾਨਾਸ਼ਾਹੀ ਹੇਠੋਂ ਅਪਣੇ ਲੋਕਾਂ ਨੂੰ ਕਢ ਕੇ ਅਜਾਦ ਕਰਨਾ ਅਤੇ ਓਨਾ ਭੁਖਿਆਂ ਦਾ ਢਿਡ ਭਰਨਾ ਪਰ ਕਾਮਰੇਡਾਂ ਦਾ ਇਹ ਅਜੀਬ ਇਨਕਲਾਬ ਸੀ ਕਿ ਜਿਸ ਦੇ ਆਓਂਣ ਤੋਂ ਬਾਅਦ ਲੋਕ ਪਹਿਲਾਂ ਨਾਲੋਂ ਵੀ ਤ੍ਰਾਹ ਤ੍ਰਾਹ ਕਰ ਉਠੇ। ਪਰ ਸਾਡੇ ਵਾਲੇ ਭਾਓਂਦੂ ਕਾਮਰੇਡਾਂ ਅਜਿਹੇ ਕਰੂਰ ਇਨਕਲਾਬ ਦੇ ਢੋਲ ਕੁਟਦਿਆਂ ਧੁੰਨੀ ਤਕ ਆਦਰਾਂ ਖਿਚੀ ਰਖੀਆਂ ਆਵਦੀਆਂ।

ਮੁਲਖ ਦੀ ਤਰੱਕੀ ਦੇ ਨਾਂ ਤੇ ਖੁਦ ਦੇ ਲੋਕਾਂ ਦੇ ਸਟਾਲਿਨ ਨੇ ਅਜਿਹੇ ਆਹੂ ਲਾਹੇ ਕਿ ਉਸ ਸਾਹਵੇਂ ਹਿਟਲਰ ਦੇ ਜੁਲਮ ਛੋਟੇ ਜਾਪਣ ਲਗੇ ਅਤੇ ਇਹ ਗਲ ਇਨਾ ਦੇ ਖੁਦ ਦੇ ਹੀ ਟਰੈਸਕੀ ਵਰਗੇ ਲੀਡਰ ਕਹਿ ਗਏ।

ਯਾਦ ਰਹੇ ਜਲਾਵਤਨੀ ਕਟ ਰਹੇ ਟਰੈਸਕੀ ਨੂੰ ਸਟਾਲਿਨ ਨੇ ਮੈਕਸੀਕੋ ਵਿਚ ਜੈਕਸਨ ਨਾਂ ਦੇ ਬੰਦੇ ਤੋਂ ਸਿਰ ਵਿਚ ਕੁਹਾੜੀ ਮਾਰ ਕੇ ਮਰਵਾ ਦਿਤਾ ਸੀ ਅਤੇ ਇਹ ਗਲ ਬੇਹੋਸ਼ ਹੋਣ ਤੋਂ ਪਹਿਲਾਂ ਟਰੈਕਸੀ ਅਪਣੀ ਪਤਨੀ ਨੂੰ ਕਹਿ ਗਿਆ ਸੀ। ਜੈਕਸਨ ਦੇ ਟੱਬਰ ਨੂੰ ਮਾਰਨ ਦੀ ਧਮਕੀ ਦੇ ਕੇ ਸਟਾਲਿਨ ਕਿਆਂ ਵਲੋਂ ਭਾੜੇ ਤੇ ਤਿਆਰ ਕੀਤਾ ਗਿਆ ਸੀ ਟਰੈਸਕੀ ਦੇ ਕਤਲ ਲਈ।

ਕਹਿੰਦੇ ਇਕ ਮੀਟਿੰਗ ਖਤਮ ਤੇ ਰਸਮੀ ਤੌਰ ਤੇ ਚਰਚਿਲ ਨੇ ਸਟਾਲਿਨ ਨੂੰ ਪੁਛਿਆ ਜਦੋਂ ਕਿਸਾਨਾ ਤੋਂ ਜਮੀਨ ਖੋਹੀ, ਓਦੋਂ ਕੀ ਹੋਇਆ ਸੀ? ਸਟਾਲਿਨ ਨੇ ਕਿਹਾ ਸੰਸਾਰ ਜੰਗ ਤਾਂ ਕੁਝ ਵੀ ਨਹੀ ਉਸ ਮੁਕਾਬਲੇ ਢਾਈ ਕਰੋੜ ਕਿਸਾਨਾ ਦੇ ਜਦੋਂ ਖੇਤ ਖੋਹੇ ਓਹ ਦ੍ਰਿਸ਼ ਹੌਲਨਾਕ ਸੀ। ਸਟਾਲਿਨ ਦੀ ਤਾਨਾਸ਼ਾਹੀ ਦੀ ਛਡੋ ਹੈਰਾਨੀ ਇਸ ਗਲੇ ਕਿ ਸਭ ਕੁਝ ਜਾਨਣ ਦੇ ਬਾਵਜੂਦ ਪੰਜਾਬ ਦੇ ਕਾਮਰੇਡ ਇਸ ਖੂੰਖਾਰ ਇਨਕਲਾਬ ਦੇ ਇਨੇ ਸ਼ੈਦਾਈ ਰਹੇ ਕਿ ਰੂਸ ਮੀਂਹ ਪੈਣ ਤੇ ਛੱਤਰੀ ਪੰਜਾਬ ਖੋਹਲੀ ਬੈਠੇ ਹੁੰਦੇ ਸਨ। ਜਦਕਿ ਜਿਹੜੇ ਧਰਮ ਦੇ ਨਾਂ ਤੇ ਮਨੁਖਤਾ ਦੇ ਘਾਣ ਦਾ ਹਰ ਸਮੇ ਸੰਘ ਪਾੜੀ ਰਖਦੇ ਰਹੇ ਨੇ।

ਸਟਾਲਿਨ ਦੇ ਖੁਦ ਦੇ ਮੁਲਖ ਵਿਚਲੇ ਢਾਹੇ ਕਹਿਰ ਹਿਟਲਰ ਦੇ ਜੁਲਮਾਂ ਸਾਹਵੇਂ ਬੌਣੇ ਜਾਪਣ ਲਗਦੇ ਹਨ ਪਰ ਜੇ ਹਿਟਲਰ ਦੀ ਥਾਂ ਸਟਾਲਿਨ ਹਾਰਿਆ ਹੁੰਦਾ ਤਾਂ ਜੋ ਥੁਕਾਂ ਹਿਟਲਰ ਦੇ ਮੂੰਹ ਤੇ ਪੈਂਦੀਆਂ ਰਹੀਆਂ ਹੁਣ ਤਕ ਓਹ ਥੁਕਣ ਵਾਲੇ ਮੂੰਹ ਸਟਾਲਿਨ ਵੱਨੀ ਹੋਣੇ ਸਨ ਜਿੰਨ ਅਪਣੇ ਹੀ ਲੋਕਾਂ ਦੇ ਵਢ ਵਢ ਢੇਰ ਲਾ ਦਿਤੇ।

ਕਹਿੰਦੇ ਬੰਦਾ ਜਿੰਨਾ ਜਰਵਾਣਾ ਹੁੰਦਾ ਓਨਾ ਅੰਦਰੋਂ ਬੁਜਦਿਲ ਹੁੰਦਾ ਅਤੇ ਇਹ ਓਦੋਂ ਹੋਇਆ ਜਦ ਬਿਮਾਰ ਹੋਏ ਸਟਾਲਿਨ ਨੂੰ ਵੇਖਣ ਆਏ ਡਾਕਟਰਾਂ ਨੂੰ ਉਸ ਸ਼ਕ ਦੀ ਬਿਨਾਹ ਤੇ ਜਿਹਲ ਸੁਟ ਦਿਤਾ ਕਿ ਡਾਕਟਰ ਸਾਜਸ਼ ਤਹਿਤ ਮੈਨੂੰ ਮਾਰਨ ਲਈ ਭੇਜੇ ਗਏ ਨੇ।

ਆਖਰ ਵੇਲੇ ਸਟਾਲਿਨ ਦੀ ਹਾਲਤ ਮੁਗਲਾਂ ਦੇ ਬਹਾਦਰ ਸ਼ਾਹ ਵੇਲੇ ਵਰਗੀ ਹੋ ਗਈ ਸੀ ਜਿਹੜਾ ਪਾਗਲਾਂ ਵਰਗੀਆਂ ਹਰਕਤਾਂ ਅਤੇ ਫੁਰਮਾਨ ਜਾਰੀ ਕਰਨ ਲਗ ਗਿਆ ਸੀ। ਸਟਾਲਿਨ ਨੂੰ ਉਸ ਦੇ ਕੀਤੇ ਜੁਲਮਾਂ ਇਨਾ ਡਰਪੋਕ ਅਤੇ ਕਮਜੋਰ ਕਰ ਦਿਤਾ ਕਿ ਉਸ ਨੂੰ ਬਚਾਓਂਣ ਵਾਲੇ ਡਾਕਟਰ ਹੀ ਮਾਰਨ ਵਾਲੇ ਜਾਪਣ ਲਗ ਪਏ ਕਿਓਂਕਿ ਸਟਾਲਿਨ ਖੁਦ ਅਪਣੇ ਵਿਰੋਧੀਆਂ ਨਾਲ ਇਓਂ ਕਰਦਾ ਰਿਹਾ ਸੀ।

ਸਟਾਲਿਨ ਦੇ ਮਰਨ ਤੇ ਅਫਸੋਸ ਲਈ ਨਮ ਹੋਣ ਵਾਲੀਆਂ ਅਖਾਂ ਘਟ ਖੁਸ਼ੀ ਵਿਚ ਸ਼ੁਕਰ ਕਰਨ ਵਾਲੀਆਂ ਅਖਾਂ ਜਿਆਦਾ ਸਨ ਜੀਹਨਾ ਦੀ ਜਿੰਦਗੀ ਇਸ ਤਾਨਾਸ਼ਾਹ ਜਰਵਾਣੇ ਨੇ ਨਰਕ ਕਰ ਦਿਤੀ ਸੀ।



**ਗੁਰਦੇਵ ਸਿੰਘ ਸੱਧੇਵਾਲੀਆ**




TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA

PHONE (604) 254-2117, FAX: (604) 254-5309

ਦੇਗ ਤੇਗ ਫਤਿਹ — ਪੰਥ ਕੀ ਜੀਤ

www.akalisinghgurdwara.ca

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਮੂਹ ਸਾਧ ਸੰਗਤ ਵਲੋਂ ਚੋਹਾਂ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਮਨਾਉਣ ਹਿਤ ਅਕਾਲੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਹੇਠ ਲਿਖੇ ਪ੍ਰੋਗਰਾਮਾਂ ਅਨੁਸਾਰ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਹੋ ਰਹੇ ਹਨ। ਇਸ ਪੁਰਬ ਦੀ ਸਾਰੀ ਸੇਵਾ ਭਾਈ ਕੁਲਦੀਪ ਸਿੰਘ ਅਤੇ ਬੀਬੀ ਸੁਰਿੰਦਰ ਕੌਰ ਦੇਹੋਲ ਵਲੋਂ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਤੇ ਪਰਿਵਾਰ ਦੀ ਚੜ੍ਹਦੀ ਕਲਾ ਲਈ ਕੀਤੀ ਜਾਵੇਗੀ।

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਪਹੁੰਚ ਕੇ ਗੁਰਬਾਣੀ ਦਾ ਅਨੰਦ ਮਾਣੋ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ

ਅਰੰਭ ਸ੍ਰੀ ਅਖੰਡਪਾਠ ਸਾਹਿਬ – 29 ਦਸੰਬਰ 2023, ਦਿਨ ਸ਼ੁੱਕਰਵਾਰ ਸਵੇਰੇ 9:00 ਵਜੇ।

ਭੋਗ ਸ੍ਰੀ ਅਖੰਡ ਪਾਠ ਸਾਹਿਬ– 31 ਦਸੰਬਰ 2023, ਦਿਨ ਐਤਵਾਰ ਸਵੇਰੇ 9:00 ਵਜੇ।

ਭੋਗ ਉਪਰੰਤ ਕੀਰਤਨੀ ਜਥੇ ਅਤੇ ਗੁਣੀ ਗਿਆਨੀ ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਜੀਵਨੀ ਉੱਪਰ ਰੋਸ਼ਨੀ ਪਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੋਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰਾਂ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਗੁਰੂਘਰ ਪਹੁੰਚ ਕੇ ਸੇਵਾ ਵਿਚ ਹੱਥ ਵਟਾ ਕੇ ਧੰਨਵਾਦੀ ਬਣਾਓ ਜੀ।

ਗੁਰੂ ਕਾ ਲੰਗਰ ਤਿੰਨ ਦਿਨ ਅਤੁੱਟ ਵਰਤੇਗਾ।

22 ਦਸੰਬਰ, ਦਿਨ ਸ਼ੁੱਕਰਵਾਰ.......ਸਵੇਰੇ 10:00 ਵਜੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਹਿਤ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਹਨਾਂ ਦੇ ਭੋਗ 24 ਦਸੰਬਰ, ਦਿਨ ਐਤਵਾਰ ਸਵੇਰੇ 9:30 ਵਜੇ ਪਾਏ ਜਾਣਗੇ। ਸੇਵਾ ਕਮੇਟੀ ਦੇ ਸਾਰੇ ਸੇਵਾਦਾਰਾਂ ਵਲੋਂ ਕੀਤੀ ਜਾਵੇਗੀ।

29 ਦਸੰਬਰ, ਦਿਨ ਸ਼ੁੱਕਰਵਾਰ.......ਸਵੇਰੇ 10:00 ਵਜੇ ਚੋਹਾਂ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਮਨਾਉਣ ਹਿਤ ਸ੍ਰੀ ਅਖੰਡ ਪਾਠ ਅਰੰਭ ਹੋਣਗੇ ਜਿਹਨਾਂ ਦੇ ਭੋਗ 31 ਦਸੰਬਰ, ਦਿਨ ਐਤਵਾਰ ਸਵੇਰ ਨੂੰ 9:30 ਵਜੇ ਪਾਏ ਜਾਣਗੇ। ਇਸ ਪੁਰਬ ਦੀ ਸੇਵਾ ਕੁਲਦੀਪ ਸਿੰਘ ਦੇਹਲ ਪਰਿਵਾਰ ਵਲੋਂ ਹੋਵੇਗੀ।

31 ਦਸੰਬਰ, ਦਿਨ ਐਤਵਾਰ.........ਸ਼ਾਮ ਨੂੰ ਨਵੇਂ ਸਾਲ ਦੀ ਆਮਦ ਦੀ ਖੁਸ਼ੀ ਵਿਚ ਸ਼ਾਮ 7:00 ਵਜੇ ਤੋਂ ਤੋਂ ਰਾਤ 12:00 ਵਜੇ ਤੱਕ ਕੀਰਤਨ ਦਰਬਾਰ ਸਜਣਗੇ ਤੇ ਲੰਗਰ ਵੀ ਹੋਵੇਗਾ।

1 ਜਨਵਰੀ, ਦਿਨ ਸੋਮਵਾਰ..........ਨੰਬਰ ਦੋ ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।

5 ਜਨਵਰੀ, ਦਿਨ ਸ਼ੁੱਕਰਵਾਰ.........ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਹੈ, ਸ਼ਾਮ ਨੂੰ ਪ੍ਰਕਾਸ਼ ਦਿਹਾੜਾ ਮਨਾਇਆ ਜਾਵੇਗਾ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।

ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ — ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਸੁਖਬੀਰ ਬਾਦਲ ਦੀ ਮਾਅਫੀ ਤੋਂ ਪੰਥਕ ਜਥੇਬੰਦੀਆਂ ਸੰਤੁਸ਼ਟ ਨਹੀਂ

# ਪੰਜਾਬ ਦੀ ਅਖਬਾਰ ਦਾ ਮਾਲਕ ਭਾਜਪਾ ਨਾਲ ਸਮਝੌਤਾ ਕਰਵਾਉਣ ਵਿਚ ਸਰਗਰਮ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਆਪਣੀ ਸਰਕਾਰ ਦੇ ਕਾਰਜਕਾਲ ਦੌਰਾਨ ਵਾਪਰੀਆਂ ਗੁਰੂ ਗ੍ਰੰਥ ਸਾਹਿਬ ਬੇਅਦਬੀ ਦੀਆਂ ਘਟਨਾਵਾਂ ਲਈ ਅਕਾਲ ਤਖਤ ਸਾਹਿਬ ਵਿਖੇ ਮੁਆਫੀ ਮੰਗੇ ਜਾਣ ਮਗਰੋਂ ਸਿਆਸੀ ਹਲਚਲ ਤੇਜ਼ ਹੋ ਗਈ ਹੈ। ਇਸ ਦੇ ਨਾਲ ਹੀ ਇੱਕ ਚਰਚਾ ਤਾਂ ਇਹ ਛਿੜੀ ਹੈ ਕਿ ਹੁਣ ਪਾਰਟੀ ਨੂੰ ਛੱਡ ਕੇ ਗਏ ਟਕਸਾਲੀ ਲੀਡਰਾਂ ਦੀ ਅਕਾਲੀ ਦਲ ਵਿੱਚ ਵਾਪਸੀ ਹੋਏਗੀ। ਦੂਜੀ ਚਰਚਾ ਹੈ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਬੀਜੇਪੀ ਤੇ ਅਕਾਲੀ ਦਲ ਵਿਚਾਲੇ ਗੱਠਜੋੜ ਹੋ ਸਕਦਾ ਹੈ।ਜਲੰਧਰ ਦੀ ਪ੍ਰਸਿੱਧ ਪੰਜਾਬੀ ਅਖਬਾਰ ਦਾ ਮਾਲਕ ਭਾਜਪਾ ਨਾਲ ਸਮਝੌਤਾ ਕਰਵਾਉਣ ਵਿਚ ਸਰਗਰਮ ਹੈ।ਪਰ ਹਾਲੇ ਤਕ ਭਾਜਪਾ ਹਾਈਕਮਾਂਡ ਨੇ ਹਾਮੀ ਨਹੀਂ ਭਰੀ।ਇਸ ਵੇਲੇ ਗੱਠਜੋੜ ਵਿਚਾਲੇ ਮੁੜ ਅੜਿੱਕਾ ਸੂਬੇ ਦੀਆਂ 13 ਲੋਕ ਸਭਾ ਸੀਟਾਂ ਦੀ ਵੰਡ ਕਾਰਨ ਹੈ। ਭਾਜਪਾ ਸੰਗਰੂਰ ਲੋਕ ਸਭਾ ਸੀਟ ਢੀਂਡਸਾ ਪਰਿਵਾਰ ਨੂੰ ਦੇਣ ਸਮੇਤ ਘੱਟੋ ਘੱਟ ਛੇ ਸੀਟਾਂ ਚਾਹੁੰਦੀ ਹੈ। ਸੁਖਬੀਰ ਬਾਦਲ ਲਈ ਅਜਿਹਾ ਕਰਨਾ ਧਰਮ ਸੰਕਟ ਬਣਿਆ ਹੋਇਆ ਹੈ।ਜੇਕਰ ਉਹ ਭਾਜਪਾ ਦੀ ਇਹ ਮੰਗ ਮੰਨਦਾ ਹੈ ਤਾਂ ਬਾਦਲ ਦਲ ਦਾ ਸਿਆਸੀ ਵਜੂਦ ਖਤਰੇ ਵਿਚ ਪੈ ਜਾਂਦਾ ਹੈ।ਸਿਖ ਹਲਕਿਆਂ ਵਿਚ ਉਸਨੂੰ ਸਖਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ।ਬੇਸ਼ੱਕ ਬੀਜੇਪੀ ਤੇ ਅਕਾਲੀ ਦਲ ਵਿਚਾਲੇ ਗੱਠਜੋੜ ਬਾਰੇ ਅਜੇ ਦੋਵਾਂ ਧਿਰਾਂ ਵੱਲੋਂ ਕੁਝ ਵੀ ਨਹੀਂ ਕਿਹਾ ਜਾ ਰਿਹਾ ਪਰ ਟਕਸਾਲੀ ਲੀਡਰਾਂ ਦੀ ਵਾਪਸੀ ਬਾਰੇ ਮੁਹਿੰਮ ਸ਼ੁਰੂ ਹੋ ਗਈ ਹੈ। ਇਸ ਦੀ ਸ਼ੁਰੂਆਤ ਟਕਸਾਲੀ ਲੀਡਰ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਹੇਠਲੇ ਅਕਾਲੀ ਦਲ (ਸੰਯੁਕਤ) ਨਾਲ ਹੋ ਸਕਦੀ ਹੈ।ਪੰਜਾਬੀ ਅਖਬਾਰ ਦਾ ਸੰਪਾਦਕ ਇਹ ਏਕਤਾ ਕਰਵਾਉਣ ਲਈ ਸਰਗਰਮ ਹੈ।ਅੰਗਰੇਜ਼ੀ ਅਖਬਾਰ 'ਦ ਟ੍ਰਿਬਿਊਨ' ਦੀ ਖਬਰ ਮੁਤਾਬਕ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਮੰਨਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਵਿਚ ਵਾਪਸੀ ਦੇ ਮੁੱਦੇ 'ਤੇ ਪਾਰਟੀ ਅੰਦਰ ਚਰਚਾ ਕੀਤੀ ਗਈ ਹੈ। ਢੀਂਡਸਾ ਦਾ ਕਹਿਣਾ ਹੈ ਕਿ ਇਸ ਸਮੇਂ ਦੋ ਵਿਚਾਰ ਸਾਹਮਣੇ ਆ ਰਹੇ ਹਨ। ਇੱਕ ਧੜਾ ਚਾਹੁੰਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ 'ਚ ਵਾਪਸੀ ਕੀਤੀ ਜਾਵੇ ਤੇ ਦੂਜਾ ਧੜਾ ਇਸ ਵਿਚਾਰ ਦਾ ਵਿਰੋਧ ਕਰ ਰਿਹਾ ਹੈ। ਅਸੀਂ ਇਨ੍ਹਾਂ ਸਾਰੇ ਮੁੱਦਿਆਂ 'ਤੇ ਚਰਚਾ ਕਰਾਂਗੇ ਅਤੇ ਆਉਂਦੇ ਦਿਨਾਂ ਵਿਚ ਕੋਈ ਫ਼ੈਸਲਾ ਲਿਆ ਜਾਵੇਗਾ।ਉਨ੍ਹਾਂ ਨੂੰ ਜਦੋਂ ਬੀਬੀ ਜਗੀਰ ਕੌਰ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਉਹ ਤੇ ਬੀਬੀ ਜਗੀਰ ਕੌਰ ਜਲਦੀ ਹੀ ਮੁਲਾਕਾਤ ਕਰਕੇ ਇਸ ਮਾਮਲੇ 'ਤੇ ਚਰਚਾ ਕਰਨਗੇ।ਦੂਜੇ ਪਾਸੇ ਬੀਬੀ ਜਗੀਰ ਕੌਰ ਨੇ ਕਿਹਾ ਕਿ ਸੁਖਬੀਰ ਬਾਦਲ ਦੇ ਕਦਮ ਨੂੰ ਅਕਾਲ ਤਖਤ ਤੋਂ ਮੁਆਫੀ ਮੰਗਣਾ ਦਿਖਾਇਆ ਜਾਣਾ ਗਲਤ ਹੈ। ਉਨ੍ਹਾਂ ਕਿਹਾ, 'ਜੇਕਰ ਕਿਸੇ ਨੇ ਅਕਾਲ ਤਖਤ ਤੋਂ ਮੁਆਫੀ ਮੰਗਣੀ ਹੈ ਤਾਂ ਇਸ ਦੀ ਇੱਕ ਪੂਰੀ ਪ੍ਰਕਿਰਿਆ ਹੈ। ਇਹ ਸਭ ਨੂੰ ਪਤਾ ਹੈ ਕਿ ਇਹ ਮੁਆਫੀ ਅਕਾਲ ਤਖਤ ਤੋਂ ਨਹੀਂ ਮੰਗੀ ਗਈ।' ਸ਼੍ਰੋਮਣੀ ਅਕਾਲੀ ਦਲ ਨਾਲ ਵਾਪਸ ਜਾਣ ਦੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਉਨ੍ਹਾਂ ਕਦੀ ਵੀ ਅਕਾਲੀ ਦਲ ਨਹੀਂ ਛੱਡਿਆ। ਉਨ੍ਹਾਂ ਕਿਹਾ, 'ਮੈਨੂੰ ਪਾਰਟੀ 'ਚੋਂ ਕੱਢਿਆ ਗਿਆ ਸੀ। ਹੁਣ ਦੇਖਦੇ ਹਾਂ ਕਿ ਜਿਨ੍ਹਾਂ ਨੇ ਮੈਨੂੰ ਕੱਢਿਆ ਸੀ ਉਹ ਕੀ ਫ਼ੈਸਲਾ ਲੈਂਦੇ ਹਨ?'

ਯੂਨਾਈਟਿਡ ਅਕਾਲੀ ਦਲ ਦੇ ਮੁਖੀ ਤੇ ਢੀਂਡਸਾ ਦੀ ਸ਼੍ਰੋਮਣੀ ਅਕਾਲੀ ਦਲ (ਡੈਮੋਕਰੈਟਿਕ) ਨਾਲ ਭਾਈਵਾਲ ਆਗੂ ਭਾਈ ਮੋਹਕਮ ਸਿੰਘ ਨੇ ਕਿਹਾ ਕਿ ਉਹ ਉਨ੍ਹਾਂ ਨਾਲ ਕਦੀ ਵੀ ਹੱਥ ਨਹੀਂ ਮਿਲਾਉਣਗੇ ਜੋ ਬੇਅਦਬੀ ਦੀਆਂ ਘਟਨਾਵਾਂ ਲਈ ਜ਼ਿੰਮੇਵਾਰ ਹਨ ਅਤੇ ਜਿਨ੍ਹਾਂ ਉਨ੍ਹਾਂ ਬੁਚੜ ਪੁਲੀਸ ਅਫਸਰਾਂ ਦੀ ਹਮਾਇਤ ਕੀਤੀ ਜਿਨ੍ਹਾਂ ਕਈ ਬੇਕਸੂਰਾਂ ਨੂੰ ਕਤਲ ਕੀਤਾ।

ਸੀਨੀਅਰ ਕਾਂਗਰਸੀ ਆਗੂ ਅਤੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਕਿ ਸੁਖਬੀਰ ਸਿੰਘ ਬਾਦਲ ਨੇ ਆਪਣੀਆਂ "ਗਲਤੀਆਂ" ਦੀ ਮੁਆਫ਼ੀ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਨਾਂ ਵਰਤ ਕੇ ਸਿੱਖ ਸੰਗਤ ਨੂੰ ਗੁੰਮਰਾਹ ਕਰਨ ਦਾ ਬਜਰ ਗੁਨਾਹ ਕੀਤਾ ਹੈ ਜਿਸ ਲਈ ਉਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਸੱਦ ਕੇ ਤਨਖ਼ਾਹ ਲਾਈ ਜਾਣੀ ਚਾਹੀਦੀ ਹੈ।ਉਹਨਾਂ ਕਿਹਾ ਕਿ ਜੇ ਸੁਖਬੀਰ ਸਿੰਘ ਬਾਦਲ ਨੇ ਸੱਚੇ ਦਿਲੋਂ ਮੁਆਫ਼ੀ ਮੰਗਣੀ ਹੁੰਦੀ ਤਾਂ ਉਹ ਪੰਥਕ ਪ੍ਰੰਪਰਾਵਾਂ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਪੰਜ ਪਿਆਰਿਆਂ ਅੱਗੇ ਪੇਸ਼ ਹੁੰਦੇ ਅਤੇ ਆਪਣੇ ਗੁਨਾਹਾਂ ਨੂੰ ਕਬੂਲ ਕੇ ਖਿਮਾ ਮੰਗਦੇ। ਬਾਜਵਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਇਹ ਭੁੱਲ ਜਾਵੇ ਕਿ ਪੰਜਾਬ ਦੇ ਲੋਕ ਉਸ ਨੂੰ ਹੁਣ ਕਦੇ ਰਾਜ ਸੱਤਾ ਸੌਂਪ ਦੇਣਗੇ ਕਿਉਂਕਿ ਉਸ ਨੇ ਸੱਤਾ ਦੇ ਨਸ਼ੇ ਵਿਚ ਗੁਨਾਹ ਹੀ ਐਨੇ ਕੀਤੇ ਹਨ ਕਿ ਉਸ ਨੂੰ ਮੁਆਫ਼ ਕੀਤਾ ਹੀ ਨਹੀਂ ਜਾ ਸਕਦਾ। ਸੁਖਬੀਰ ਸਿੰਘ ਬਾਦਲ ਵੱਲੋਂ ਬੇਅਦਬੀਆਂ ਦੇ ਦੋਸ਼ੀਆਂ ਨੂੰ ਨਾ ਫੜੇ ਜਾਣ ਬਾਰੇ ਮੰਗੀ ਮੁਆਫ਼ੀ 'ਤੇ ਬੋਲਦਿਆਂ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਰਣਜੀਤ ਸਿੰਘ ਨੇ ਕਿਹਾ ਕਿ ਜੇ ਸੁਖਬੀਰ ਸਿੰਘ ਬਾਦਲ ਸੱਚੇ ਦਿਲ ਤੋਂ ਆਪਣੇ ਗੁਨਾਹਾਂ ਦੀ ਮੁਆਫ਼ੀ ਚਾਹੁੰਦੇ ਹੁੰਦੇ ਤਾਂ ਉਹ ਆਪਣੇ ਅਹੁਦੇ ਤੋਂ ਅਸਤੀਫਾ ਦੇ ਕੇ ਆਪਣੇ ਗਲ ਵਿੱਚ ਪੱਲਾ ਪਾ ਕੇ ਇੱਕ ਨਿਮਾਣੇ ਸਿੱਖ ਵਜੋਂ ਸ੍ਰੀ ਅਕਾਲ ਤਖ਼ਤ ਸਾਹਮਣੇ ਪੇਸ਼ ਹੁੰਦੇ।" ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਵੱਲੋਂ ਬੇਅਦਬੀਆਂ ਦੇ ਮੁੱਦੇ 'ਤੇ ਮੁਆਫ਼ੀ ਮੰਗਣ ਦਾ ਢੰਗ ਗੁਰੂ ਦੇ ਸਿਧਾਂਤ ਅਨੁਸਾਰ ਹੋਣਾ ਚਾਹੀਦਾ ਸੀ, ਪਰ ਅਜਿਹਾ ਨਹੀਂ ਕੀਤਾ ਗਿਆ। ਸਿਰਫ਼ ਰਾਜਨੀਤੀ ਚਮਕਾਉਣ ਲਈ ਧਾਰਮਿਕ ਸਿਧਾਂਤਾਂ ਨਾਲ ਖਿਲਵਾੜ ਕਰਨਾ ਜਾਂ ਬਿਨਾਂ ਕਿਸੇ ਮਰਿਆਦਾ ਦੇ ਮੁਆਫ਼ੀ ਦੀ ਗੱਲ ਸਿੱਖ ਕੌਮ ਕਦੇ ਵੀ ਪ੍ਰਵਾਨ ਨਹੀਂ ਕਰ ਸਕਦੀ।ਸ਼ੋਸ਼ਲ ਮੀਡੀਆ ਉਪਰ ਸਿਖ ਸੰਗਤ ਦਾ ਮੰਨਣਾ ਹੈ ਕਿ ਸੌਦਾ ਸਾਧ ਵਲੋਂ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚਣ ਦਾ ਕੇਸ ਵਾਪਸ ਲੈਣ, ਤਖ਼ਤਾਂ ਦੇ ਜਥੇਦਾਰ ਸਾਹਿਬਾਨ ਤੋਂ ਸੌਦਾ ਸਾਧ ਨੂੰ ਮੁਆਫ਼ੀ ਦਵਾਉਣ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਚੋਰੀ ਕਰਾਉਣ ਵਿਚ ਭਾਗੀਦਾਰ ਡੇਰਾ ਪ੍ਰੇਮੀ ਗੁਰਦੇਵ ਸਿੰਘ ਦੀ ਪਤਨੀ ਨੂੰ ਸਰਕਾਰੀ ਨੌਕਰੀ ਅਤੇ 10 ਲੱਖ ਰੁਪਏ ਦੀ ਸਰਕਾਰੀ ਮੱਦਦ ਦੇਣ ਵਰਗੇ ਅਜਿਹੇ ਗੁਨਾਹ ਕੀਤੇ ਹਨ ਇੰਨਾਂ ਨੂੰ ਕਿਹੜਾ ਪੰਜਾਬੀ ਮੁਆਫ਼ ਕਰ ਦੇਵੇਗਾ? ਉਹਨਾਂ ਪੱਛਿਆ ਕਿ ਸੁਖਬੀਰ ਸਿੰਘ ਬਾਦਲ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁਧ ਰੋਸ ਪ੍ਰਗਟ ਕਰ ਰਹੀਆਂ ਸੰਗਤਾਂ ਉਤੇ ਗੋਲੀ ਚਲਾ ਕੇ ਦੋ ਸਿੱਖਾਂ ਦੀ ਕੀਤੀ ਗਈ ਹੱਤਿਆ, ਗੋਲੀ ਚਲਾਉਣ ਵਾਲੇ ਪੁਲੀਸ ਅਧਿਕਾਰੀਆਂ ਦੀ ਪੁਸ਼ਤਪਨਾਹੀ ਤੇ ਬਰਗਾੜੀ ਮੋਰਚੇ ਵਿੱਚ ਇਨਸਾਫ਼ ਲੈਣ ਲਈ ਧਰਨਾ ਦੇ ਰਹੀਆਂ ਸੰਗਤਾਂ ਨੂੰ ਅੱਤਵਾਦੀ, ਨਕਸਲਵਾਦੀ ਅਤੇ ਦੇਸ਼ ਵਿਰੋਧੀ ਦੱਸਣ ਦੇ ਆਪਣੇ ਕਾਲੇ ਕਾਰਨਾਮਿਆਂ ਦਾ ਕੀ ਜਵਾਬ ਹੈ? ਸੰਗਤ ਦਾ ਮੰਨਣਾ ਹੈ ਕਿ ਸੁਖਬੀਰ ਸਿੰਘ ਬਾਦਲ ਨੇ ਇਹ ਨਾਟਕ ਸਿਰਫ਼ ਤੇ ਸਿਰਫ਼ ਇਸ ਲਈ ਰਚਿਆ ਹੈ ਤਾਂ ਕਿ ਭਾਜਪਾ ਨਾਲ ਮੁੜ ਸਿਆਸੀ ਗਠਜੋੜ ਕਰ ਕੇ ਆਪਣੇ ਸੌੜੇ ਰਾਜਸੀ ਹਿੱਤ ਅਤੇ ਨਿੱਜੀ ਗਰਜ਼ਾਂ ਪੂਰੀਆਂ ਕੀਤੀਆ ਜਾ ਸਕਣ। ਉਹਨਾਂ ਦਾ ਮੰਨਣਾ ਹੈ ਕਿ ਸਿੱਖ ਨਾ ਤਾਂ ਭਾਜਪਾ ਨੂੰ ਅਤੇ ਨਾ ਹੀ ਉਸ ਦੇ ਕੰਧੇੜਿਆਂ ਉਤੇ ਚੜ੍ਹ ਕੇ ਆਉਣ ਵਾਲੇ ਅਕਾਲੀਆਂ ਨੂੰ ਮੂੰਹ ਨਹੀਂ ਲਾਉਣਗੇ ਕਿਉਂਕਿ ਉਹਨਾਂ ਨੂੰ ਕਿਸਾਨੀ ਵਿਰੋਧੀ ਖੇਤੀ ਕਾਨੂੰਨਾਂ ਨੂੰ ਵਾਪਸ ਕਰਾਉਣ ਲਈ ਦਿੱਤੀਆਂ ਸ਼ਹੀਦੀਆਂ ਨਹੀਂ ਭੁੱਲੀਆਂ।ਮੋਗਾ ਕਾਨਫਰੰਸ ਵਿਚ ਤਾਂ ਅਕਾਲੀ ਦਲ ਤੇ ਅਨੰਦਪੁਰ ਦੇ ਮਤੇ ਦਾ ਭੋਗ ਪਾਉਣ ਵਾਲੇ ਸਵਾਰਥੀ ਬਾਦਲ ਪਰਿਵਾਰ ਉਪਰ ਹੁਣ ਵਿਸ਼ਵਾਸ ਕਰਨਾ ਔਖਾ ਹੈ।ਪੰਥਕ ਬੋਧਿਕ ਹਲਕਿਆਂ ਦਾ ਮੰਨਣਾ ਹੈ ਕਿ ਅਕਾਲੀ ਦਲ ਦੀ ਪੁਨਰ ਸੁਰਜੀਤੀ ਬਗੈਰ ਹੋਰ ਕੋਈ ਰਾਹ ਨਹੀ।ਸੁਖਬੀਰ ਬਾਦਲ ਨੂੰ ਇਸ ਮਾਫੀ ਕਾਰਣ ਪੰਥਕ ਹਲਕਿਆਂ ਵਿਚ ਮਾਨਤਾ ਮਿਲਣੀ ਮੁਸ਼ਕਲ ਹੈ।



## ਸ਼ੀ ਜਿਨਪਿੰਗ 16 ਜੂਨ ਦਾ ਦਿਨ ਕਦੇ ਨਹੀਂ ਭੁੱਲਣਗੇ:ਜਨਰਲ ਨਰਵਾਣੇ

ਨਵੀਂ ਦਿੱਲੀ: ਥਲ ਸੈਨਾ ਦੇ ਸਾਬਕਾ ਮੁਖੀ ਜਨਰਲ ਮਨੋਜ ਮੁਕੰਦ ਨਰਵਾਣੇ ਨੇ ਕਿਹਾ ਕਿ ਚੀਨ ਛੋਟੇ ਗੁਆਂਢੀਆਂ ਨੂੰ ਡਰਾਉਣ-ਧਮਕਾਉਣ ਲਈ 'ਹਮਲਾਵਰ ਕੂਟਨੀਤੀ' ਤੇ 'ਉਕਸਾਉਣ' ਵਾਲੀ ਰਣਨੀਤੀ ਅਖ਼ਤਿਆਰ ਕਰਦਾ ਰਿਹਾ ਹੈ ਤੇ ਇਹੀ ਵਜ੍ਹਾ ਸੀ ਕਿ 2020 ਵਿਚ ਪੂਰਬੀ ਲੱਦਾਖ ਵਿਚ ਭਾਰਤੀ ਸੈਨਾ ਨੇ ਪਲਟਵਾਰ ਕਰਦਿਆਂ ਉਸ ਨੂੰ ਦਿਖਾ ਦਿੱਤਾ ਕਿ 'ਬਸ! ਬਹੁਤ ਹੋ ਗਿਆ।'

ਨਰਵਾਣੇ ਨੇ ਆਪਣੀ ਆਤਮਕਥਾ, 'ਫੋਰ ਸਟਾਰ ਆਫ ਡੈਸਟਿਨੀ' ਵਿਚ ਗਲਵਾਨ ਘਾਟੀ ਵਿਚ ਹੋਈਆਂ ਜਾਨਲੇਵਾ ਝੜਪਾਂ ਬਾਰੇ ਕਿਹਾ ਕਿ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ 16 ਜੂਨ ਨੂੰ ਕਦੇ ਨਹੀਂ ਭੁੱਲਣਗੇ ਕਿਉਂਕਿ ਚੀਨ ਦੀ ਫੌਜ (ਪੀਐਲਏ) ਨੂੰ ਦੋ ਦਹਾਕਿਆਂ ਤੋਂ ਵੱਧ ਸਮੇਂ ਮਗਰੋਂ ਪਹਿਲੀ ਵਾਰ ਅਜਿਹੇ ਪਲਟਵਾਰ ਦਾ ਸਾਹਮਣਾ ਕਰਨਾ ਪਿਆ ਸੀ। ਜੂਨ 2020 ਵਿਚ ਗਲਵਾਨ ਘਾਟੀ ਵਿਚ ਹੋਈ ਝੜਪ 'ਚ 20 ਸੈਨਿਕਾਂ ਦੇ ਸ਼ਹੀਦ ਹੋਣ ਨੂੰ ਯਾਦ ਕਰਦਿਆਂ ਨਰਵਾਣੇ ਨੇ ਕਿਹਾ, 'ਇਹ ਮੇਰੇ ਪੂਰੇ ਕਰੀਅਰ ਦੇ ਸਭ ਤੋਂ ਦੁੱਖ ਭਰੇ ਦਿਨਾਂ ਵਿਚੋਂ ਇਕ ਸੀ।' ਨਰਵਾਣੇ 31 ਦਸੰਬਰ, 2019 ਤੋਂ 30 ਅਪਰੈਲ 2022 ਤੱਕ ਸੈਨਾ ਮੁਖੀ ਰਹੇ। ਉਨ੍ਹਾਂ ਦੇ ਕਾਰਜਕਾਲ ਦਾ ਜ਼ਿਆਦਾਤਰ ਸਮਾਂ ਵਿਵਾਦਤ ਸਰਹੱਦ ਉਤੇ ਚੀਨ ਤੋਂ ਪੈਦਾ ਹੋਈਆਂ ਚੁਣੌਤੀਆਂ ਤੇ ਬਲਾਂ ਦੀ ਲੜਾਕੂ ਸਮਰੱਥਾ ਨੂੰ ਵਧਾਉਣ ਲਈ ਸੁਧਾਰ ਲਾਗੂ ਕਰਨ ਉਤੇ ਕੇਂਦਰਤ ਰਿਹਾ।


ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ
ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

ਇਸ ਹਫਤੇ ਦੇ ਪ੍ਰੋਗਰਾਮ



ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦੀ ਵੱਡੇ ਸਾਹਿਬਜਾਦੇ, ਸਾਕਾ ਚਮਕੌਰ ਸਾਹਿਬ ਦਾ ਮਨਾਇਆ ਜਾਵੇਗਾ ਅਤੇ ਸਾਹਿਬਜਾਦਿਆਂ ਦੀ ਯਾਦ ਵਿਚ ਫਤਿਹਗੜ੍ਹ ਸਾਹਿਬ ਦੀਆਂ ਸੰਗਤਾਂ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ। ਦੂਜਾ ਅਖੰਡਪਾਠ ਸਾਹਿਬ ਰਾਹੁਲ ਗਲਾਸ ਕੰਪਨੀ ਵੱਲੋਂ ਹੋਵੇਗੀ। ਇਹ ਅਖੰਡਪਾਠ ਸਾਹਿਬ 22 ਦਸੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 24 ਦਸੰਬਰ ਦਿਨ ਐਤਵਾਰ ਨੂੰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*22 ਦਸੰਬਰ ਦਿਨ ਸ਼ੁੱਕਰਵਾਰ ਸ਼ਾਮ ਦੇ ਦੀਵਾਨ ਅਖੰਡ ਕੀਰਤਨੀ ਜਥੇ ਵੱਲੋਂ ਹੋਣਗੇ।

*23 ਦਸੰਬਰ ਦਿਨ ਸ਼ਨਿਚਰਵਾਰ ਸਵੇਰ ਨੂੰ ਲੰਗਰ ਅਤੇ ਕੀਰਤਨ ਦੀ ਸੇਵਾ ਭਾਈ ਅਮਨੀਤ ਸਿੰਘ ਪਰਿਵਾਰ ਵੱਲੋਂ ਹੋਵੇਗੀ।

*23 ਦਸੰਬਰ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਮੇਵਾ ਸਿੰਘ ਮੁੰਢੀ ਪਰਿਵਾਰ ਵੱਲੋਂ ਸਾਹਿਬਜਾਦਿਆਂ ਦੀ ਯਾਦ ਵਿਚ ਹੋਵੇਗੀ।

*24 ਦਸੰਬਰ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਤਰਨਜੀਤ ਸਿੰਘ ਪਰਿਵਾਰ ਵੱਲੋਂ ਹੋਵੇਗੀ ਅਤੇ ਭੋਗ ਸਹਿਜਪਾਠ ਭਾਈ ਜਬਰਜੰਗ ਸਿੰਘ ਪਰਿਵਾਰ ਵੱਲੋਂ ਸਵੇਰ 9.30 ਵਜੇ ਪਾਏ ਜਾਣਗੇ। ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

*24 ਦਸੰਬਰ ਦਿਨ ਐਤਵਾਰ ਸਵੇਰੇ 11 ਵਜੇ ਸਵ. ਮੋਹਨ ਸਿੰਘ ਰਾਏ ਦਾ ਅੰਤਮ ਸਸਕਾਰ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ, ਉਪਰੰਤ ਉਹਨਾਂ ਨਮਿਤ ਗੁਰੂਘਰ ਰਖਾਏ ਗਏ ਸਹਿਜਪਾਠ ਦੇ ਭੋਗ 12.30 ਵਜੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*26 ਦਸੰਬਰ ਦਿਨ ਮੰਗਲਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਬਲਵਿੰਦਰ ਸਿੰਘ ਛੀਨਾ ਪਰਿਵਾਰ ਵੱਲੋਂ ਹੋਵੇਗੀ।

*28 ਦਸੰਬਰ ਦਿਨ ਵੀਰਵਾਰ ਭਾਈ ਹਰਪ੍ਰੀਤ ਸਿੰਘ ਗਿੱਲ ਪਰਿਵਾਰ ਵੱਲੋਂ ਅਖੰਡਪਾਠ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 30 ਦਸੰਬਰ ਦਿਨ ਸ਼ਨਿਚਰਵਾਰ ਨੂੰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ

ਰਾਗੀ ਜਥੇ:ਭਾਈ ਬਲਦੇਵ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ
ਫੋਨ:604-590-3232, 604-590-3224

# ਸਮੋਸਾ ਕੌਕਸ ਕੀ ਹੈ?ਜਿਸ ਨੇ ਨਿਖਿਲ ਗੁਪਤਾ ਦੇ ਕੇਸ ਬਾਰੇ ਭਾਰਤ ਸਰਕਾਰ ਨੂੰ ਇਹ ਚੇਤਾਵਨੀ ਦਿੱਤੀ ਹੈ

ਵਾਸ਼ਿੰਗਟਨ:-ਅਮਰੀਕਾ ਦੀ ਸਰਕਾਰ ਨੇ ਪੰਜ ਭਾਰਤੀ ਮੂਲ ਦੇ ਅਮਰੀਕੀ ਸੰਸਦ ਮੈਂਬਰਾਂ ਨਾਲ ਸਿੱਖ ਆਗੂ ਦੇ ਕਤਲ ਦੀ ਕਥਿਤ ਸਾਜਿਸ਼ ਦੇ ਮਾਮਲੇ ਬਾਰੇ ‘ਗੁਪਤ’ ਜਾਣਕਾਰੀ ਸਾਂਝੀ ਕੀਤੀ ਹੈ। ਇਨ੍ਹਾਂ ਪੰਜ ਸੰਸਦ ਮੈਂਬਰਾਂ ਦੇ ਅਣਅਧਿਕਾਰਤ ਸਮੂਹ ਨੂੰ ‘ਸਮੋਸਾ ਕੌਕਸ’ ਜਾਂ ਇੰਡੀਅਨ ਕੌਕਸ ਵੀ ਕਿਹਾ ਜਾਂਦਾ ਹੈ। ਇਨ੍ਹਾਂ ਸੰਸਦ ਮੈਂਬਰਾਂ ਨੇ ਕਿਹਾ ਹੈ ਕਿ ਜੇਕਰ ਇਸ ਮਾਮਲੇ ਨੂੰ ਸੁਲਝਾਇਆ ਨਹੀਂ ਜਾਂਦਾ ਤਾਂ ਇਹ ਅਮਰੀਕਾ ਅਤੇ ਭਾਰਤ ਦੀ ਅਹਿਮ ਭਾਈਵਾਲੀ ਨੂੰ ‘ਸਿਗਨੀਫਿਕੈਂਟ ਡੈਮੇਜ’ ਯਾਨੀ ਵੱਡਾ ਨੁਕਸਾਨ ਪਹੁੰਚਾ ਸਕਦਾ ਹੈ।

ਇਸ ਬਿਆਨ ਵਿੱਚ ਕਿਹਾ ਗਿਆ ਹੈ, “ਅਸੀਂ ਅਮਰੀਕੀ ਨਾਗਰਿਕ ਦੇ ਕਤਲ ਦੀ ਸਾਜਿਸ਼ ਦੀ ਜਾਂਚ ਕਰਵਾਉਣ ਲਈ ਭਾਰਤ ਸਰਕਾਰ ਵੱਲੋਂ ਕਮੇਟੀ ਬਣਾਏ ਜਾਣ ਦੇ ਐਲਾਨ ਦਾ ਸੁਆਗਤ ਕਰਦੇ ਹਾਂ, ਇਸਦੇ ਨਾਲ ਹੀ ਇਹ ਵੀ ਅਹਿਮ ਹੈ ਕਿ ਭਾਰਤ ਸਰਕਾਰ ਇਸ ਮਾਮਲੇ ਵਿੱਚ ਪੂਰੀ ਜਾਂਚ ਕਰੇ।‘ ’ਉਨ੍ਹਾਂ ਕਿਹਾ, “ਭਾਰਤ ਇਸ ਵਿੱਚ ਸ਼ਾਮਲ ਲੋਕਾਂ ਸਮੇਤ ਅਧਿਕਾਰੀਆਂ ਦੀ ਜ਼ਿੰਮੇਵਾਰੀ ਤਹਿ ਕਰੇ ਅਤੇ ਇਹ ਗਰੰਟੀ ਦਿੱਤੀ ਜਾਵੇ ਕਿ ਅੱਗੇ ਤੋਂ ਅਜਿਹਾ ਨਹੀਂ ਹੋਵੇਗਾ।

“ਅਮਰੀਕਾ ਵਿੱਚ ਭਾਰਤੀ ਮੂਲ ਦੇ ਪੰਜ ਸੰਸਦ ਮੈਂਬਰ ਅਮੀ ਬੇਰਾ, ਪ੍ਰਮਿਲਾ ਜਯਾਪਾਲ, ਰੋ ਖੰਨਾ, ਰਾਜਾ ਕ੍ਰਿਸ਼ਣਾਮੂਰਤੀ ਅਤੇ ਸ਼੍ਰੀ ਥਾਨੇਦਾਰ ਹਨ। ਉਨ੍ਹਾਂ ਨੇ ਇਹ ਬਿਆਨ ਆਪਣੇ ਐਕਸ ਅਕਾਊਂਟ ‘ਤੇ ਵੀ ਸਾਂਝਾ ਕੀਤਾ ਹੈ।ਪੰਜ ਭਾਰਤੀ ਅਮਰੀਕੀ ਸੰਸਦ ਮੈਂਬਰਾਂ ਇਸ ਬਾਰੇ ਇੱਕ ਬਿਆਨ ਵੀ ਜਾਰੀ ਕੀਤਾ ਗਿਆ ਹੈ।

ਅਮਰੀਕੀ ਵਕੀਲਾਂ ਵੱਲੋਂ ਇੱਕ ਸਿੱਖ ਕਾਰਕੁਨ ਦੇ ਕਤਲ ਦੀ ਸਾਜਿਸ਼ ਦੇ ਇਲਜ਼ਾਮ ਇੱਕ ਭਾਰਤੀ ਨਾਗਰਿਕ ਉੱਤੇ ਲਗਾਏ ਗਏ ਸਨ, ਜੋ ਕਥਿਤ ਤੌਰ ‘ਤੇ ਅਜਿਹਾ ਇੱਕ ਭਾਰਤੀ ਅਧਿਕਾਰੀ ਦੇ ਕਹਿਣ ‘ਤੇ ਕਰ ਰਿਹਾ ਸੀ।

ਭਾਰਤੀ ਅਤੇ ਕੌਮਾਂਤਰੀ ਮੀਡੀਆ ਦੀਆਂ ਰਿਪੋਰਟਾਂ ਮੁਤਾਬਕ ਸਿੱਖ ਕਾਰਕੁਨ ਗੁਰਪਤਵੰਤ ਸਿੰਘ ਪੰਨੂ ਮੁਲਜ਼ਮ ਦੇ ਨਿਸ਼ਾਨੇ ਉੱਤੇ ਸਨ। ਇਸ ਕੇਸ ਵਿੱਚ ਗ੍ਰਿਫ਼ਤਾਰ ਕੀਤੇ ਗਏ ਨਿਖਿਲ ਗੁਪਤਾ ‘ਤੇ ਪੰਨੂ ਦਾ ਕਤਲ ਕਰਵਾਉਣ ਦੇ ਲਈ ਫਿਰੌਤੀ ਦੇਣ ਦੇ ਇਲਜ਼ਾਮ ਹਨ। ਅਮਰੀਕੀ ਕਾਂਗਰਸ ਦੇ ਪੰਜ ਆਗੂਆਂ ਨੇ ਆਪਣੇ ਬਿਆਨ ਵਿੱਚ ਅੱਗੇ ਕਿਹਾ ਕਿ , “ਸਾਡਾ ਮੰਨਣਾ ਹੈ ਕਿ ਭਾਰਤ ਅਤੇ ਅਮਰੀਕਾ ਦੇ ਸਹਿਯੋਗ ਨੇ ਦੋਵਾਂ ਦੇਸਾਂ ਦੇ ਲੋਕਾਂ ਦੀਆਂ ਜ਼ਿੰਦਗੀਆਂ ‘ਤੇ ਅਰਥਪੂਰਨ ਅਸਰ ਪਾਇਆ ਹੈ।

ਉਨ੍ਹਾਂ ਕਿਹਾ, “ਪਰ ਸਾਡੀ ਚਿੰਤਾ ਇਹ ਹੈ ਕਿ ਅਦਾਲਤ ਵਿੱਚ ਦਾਇਰ ਕੀਤੇ ਗਏ ਦਸਤਾਵੇਜ਼ਾਂ ਵਿੱਚ ਜਿਹੋ ਜਿਹਾ ਬਿਊਰਾ ਹੈ, ਉਹ ਚਿੰਤਾਜਨਕ ਹੈ ਅਤੇ ਜੇਕਰ ਇਸਨੂੰ ਸੁਲਝਾਇਆ ਨਾ ਗਿਆ ਤਾਂ ਭਾਰਤ ਅਤੇ ਅਮਰੀਕਾ ਦੀ ਅਹਿਮ ਭਾਈਵਾਲੀ ਨੂੰ ਵੱਡਾ ਨੁਕਸਾਨ ਪਹੁੰਚ ਸਕਦਾ ਹੈ। ”ਭਾਰਤ ਨੇ ਕਿਹਾ ਸੀ ਕਿ ਅਮਰੀਕਾ ਵੱਲੋਂ ਸਾਂਝੀ ਕੀਤੀ ਜਾਣਕਾਰੀ ‘ਚਿੰਤਾਜਨਕ’ ਹੈ, ਇਸਦੀ ਜਾਂਚ ਕਮੇਟੀ ਬਣਾ ਕੇ ਸ਼ੁਰੂ ਕਰ ਦਿੱਤੀ ਗਈ ਹੈ।



ਭਾਰਤ ਨੇ ਕਿਹਾ ਕਿ ਅਜਿਹੀ ਸਾਜ਼ਿਸ਼ ਉਨ੍ਹਾਂ ਦੀ ਸਰਕਾਰੀ ਨੀਤੀ ਨਹੀਂ ਹੈ ਅਤੇ ਉਹ ਵਿਦੇਸ਼ਾਂ ਵਿੱਚ ਰਹਿੰਦੇ ਸਿੱਖ ਆਗੂਆ ਨੂੰ ਨਿਸ਼ਾਨਾ ਨਹੀਂ ਬਣਾ ਰਹੇ।

ਸ਼ੁੱਕਰਵਾਰ ਨੂੰ ਭਾਰਤ ਦੇ ਸੁਪਰੀਮ ਕੋਰਟ ਵਿੱਚ ਮੁਲਜ਼ਮ ਨਿਖਿਲ ਗੁਪਤਾ ਦੇ ਪਰਿਵਾਰ ਵੱਲੋਂ ਇੱਕ ਹੈਬੀਅਸ ਕਾਰਪਸ ਪਟੀਸ਼ਨ ਦਾਇਰ ਕੀਤੀ ਗਈ । ਇਸ ਪਟੀਸ਼ਨ ਵਿੱਚ ਨਿਖਿਲ ਗੁਪਤਾ ਨੂੰ ਚੈੱਕ ਗਣਰਾਜ ਤੋਂ ਰਿਹਾਅ ਕਰਵਾ ਕੇ ਭਾਰਤ ਲਿਆਉਣ ਲਈ ਭਾਰਤੀ ਸਰਕਾਰ ਦੇ ਦਖਲ ਦੀ ਮੰਗ ਕੀਤੀ ਗਈ ਸੀ। ਨਿਖਿਲ ਗੁਪਤਾ ਦੇ ਵਕੀਲ ਰੋਹਿਨੀ ਮੂਸਾ ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਇਸ ਮਾਮਲੇ ਵਿੱਚ ਅਗਲੀ ਸੁਣਵਾਈ 4 ਜਨਵਰੀ, 2024 ਨੂੰ ਹੋਵੇਗੀ।

ਨਿਖਿਲ ਗੁਪਤਾ ਦੇ ਵਕੀਲ ਰੋਹਿਨੀ ਮੂਸਾ ਨੇ ਖ਼ਬਰ ਏਜੰਸੀ ਏਐੱਨਆਈ ਨੂੰ ਦੱਸਿਆ ਸੀ ਕਿ, “ਅਸੀਂ ਇੱਕ ਭਾਰਤੀ ਨਾਗਰਿਕ ਦੀ ਪਟੀਸ਼ਨ ਦਾਇਰ ਕੀਤੀ ਹੈ ਜੋ ਚੈੱਕ ਗਣਰਾਜ ਵਿੱਚ ਗੈਰ ਕਾਨੂੰਨੀ ਤਰੀਕੇ ਨਾਲ ਹਿਰਾਸਤ ਵਿੱਚ ਰੱਖਿਆ ਹੋਇਆ ਹੈ। ”

ਰੋਹਿਨੀ ਮੂਸਾ ਨੇ ਕਿਹਾ ਸੀ, “ਉਹ ਅਮਰੀਕਾ ਵੱਲੋਂ ਹਵਾਲਗੀ ਦੀ ਅਪੀਲ ਨੂੰ ਝੱਲ ਰਿਹਾ ਹੈ। ਅਸੀਂ ਮੰਤਰਾਲੇ ਤੋਂ ਮਦਦ ਲਈ ਪਟੀਸ਼ਨ ਪਾਈ ਹੈ। ਇਹ ਮਦਦ ਕਿਸੇ ਵੀ ਭਾਰਤੀ ਨਾਗਰਿਕ ਨੂੰ ਦਿੱਤੀ ਜਾਂਦੀ ਹੈ ਜੋ ਕਿਸੇ ਵਿਦੇਸ਼ੀ ਧਰਤੀ ’ਤੇ ਗੈਰ ਕਾਨੂੰਨੀ ਤਰੀਕੇ ਨਾਲ ਹਿਰਾਸਤ ਵਿੱਚ ਲਿਆ ਗਿਆ ਹੋਵੇ। ”

ਉਨ੍ਹਾਂ ਕਿਹਾ, “ਸੁਪਰੀਮ ਕੋਰਟ ਇਸ ਮਾਮਲੇ ’ਤੇ ਸੁਣਵਾਈ ਕਰੇਗਾ ਅਤੇ ਇਸ ਦੀ ਇੱਕ ਕਾਪੀ ਸਰਕਾਰ ਨੂੰ ਭੇਜੀ ਜਾਵੇਗੀ। ”ਰੋਹਿਨੀ ਮੂਸਾ ਨੇ ਬੀਬੀਸੀ ਨੂੰ ਦੱਸਿਆ ਸੀ “ਇਸ ਤਰ੍ਹਾਂ ਦੀਆਂ ਰਿਪੋਰਟਾਂ ਹਨ ਕਿ ਉਸ ਦੀ ਪਹਿਲਾਂ ਹੀ ਹਵਾਲਗੀ ਦਿੱਤੀ ਜਾ ਚੁੱਕੀ ਹੈ। ਅਸੀਂ ਉਸ ਤੋਂ ਅਤੇ ਉਸ ਬਾਰੇ ਕੋਈ ਜਾਣਕਾਰੀ ਨਹੀਂ ਲੈ ਸਕਦੇ। ”

ਉਹ ਦਾਅਵਾ ਕਰਦੇ ਹਨ ਕਿ ਨਿਖਿਲ ਦਾ ਪਰਿਵਾਰ ਉਸਨੂੰ ਕੋਈ ਸਹਾਇਤਾ ਨਹੀਂ ਦੇ ਸਕਦਾ। ਪਟੀਸ਼ਨ ਅਨੁਸਾਰ ਉਹ ਹਿੰਦੂ ਸ਼ਰਧਾ ਵਾਲਾ ਅਤੇ ਸ਼ਾਕਾਹਾਰੀ ਹੈ। ਉਸਨੂੰ ਧੱਕੇ ਨਾਲ ਬੀਫ ਖੁਆਇਆ ਜਾ ਰਿਹਾ ਹੈ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਉਸ ਨੂੰ ਸਿਆਸੀ ਕਾਰਨਾਂ ਕਰਕੇ ਸਤਾਇਆ ਗਿਆ ਹੈ।





ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ। ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333

ATLAS
ANIMAL HOSPITAL

Open 24 Hours 7 Days a Week





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar
& Associates

Tel: 604-301-0300

5696 Fraser St, Vancouver, BC, V5W 2Z4
www.atlasvetsinvancouver.com

# ਸਿਹਤ ਸੰਬੰਧੀ





# ਐਲਰਜੀ, ਹੇਅ-ਫ਼ੀਵਰ, ਪੋਲਨਜ਼ ਅਤੇ ਹੋਮਿਓਪੈਥਿਕ ਇਲਾਜ

ਐਲਰਜਿਕ ਰਹੀਨਾਇਟੀਸ (Allergic Rhenitis), ਜਿਸ ਨੂੰ ਕਿ ਹੇਅ-ਫ਼ੀਵਰ ਜਾਂ ਪੌਲੀਨੌਸਿਸ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਦਾ ਮਤਲਬ ਹੈ ਐਲਰਜੀ ਦੀ ਵਜ੍ਹਾ ਨਾਲ ਨੱਕ ਦੀ ਅੰਦਰਲੀ ਝਿੱਲੀ ਵਿੱਚ ਸੋਜਸ਼ ਹੋ ਜਾਣੀ। ਜੇ ਰਹੀਨਾਇਟੀਸ ਸ਼ਬਦ ਦਾ ਸੰਧੀ-ਭੇਦ ਕਰਕੇ ਵੇਖਿਆ ਜਾਵੇ ਤਾਂ “Rhino” ਦਾ ਮਤਲਬ ਹੁੰਦਾ ਹੈ ‘‘ਨੱਕ ਨਾਲ ਸਬੰਧਤ’’ ਅਤੇ “itis” ਦਾ ਸਬੰਧ ਸੋਜਸ਼ ਨਾਲ ਹੁੰਦਾ ਹੈ। ਐਲਰਜਿਕ ਰਹੀਨਾਇਟੀਸ ਮੌਸਮੀ ਜਾਂ ਗ਼ੈਰ-ਮੌਸਮੀ ਵੀ ਹੋ ਸਕਦੀ ਹੈ। ਬਹਾਰ ਦੇ ਮੌਸਮ (ਸਪ੍ਰਿੰਗ) ਵਿੱਚ ਇਹ ਐਲਰਜੀ ਜ਼ਿਆਦਾਤਰ ਰੁੱਖਾਂ ਦੇ ਫ਼ੁੱਲਾਂ ਦੇ ਪੋਲਨ (tree pollens) ਕਰਕੇ ਹੁੰਦੀ ਹੈ। ਘਾਹ ਕੱਟਣ ਨਾਲ ਸਬੰਧਤ ਐਲਰਜੀ ਅਕਸਰ ਗਰਮੀਆਂ ਦੀ ਰੁੱਤ ਵਿੱਚ ਹੁੰਦੀ ਹੈ ਅਤੇ ਵੀਡ ਪੋਲਨ (weed pollen) ਪਤਝੜ (ਫ਼ੌਲ) ਦੀ ਰੁੱਤ ਵਿੱਚ ਐਲਰਜੀ ਦੇ ਲੱਛਣ ਪੈਦਾ ਕਰਦੀ ਹੈ। ਬਹਾਰ ਦਾ ਮੌਸਮ ਚੱਲ ਰਿਹਾ ਹੈ ਅਤੇ ਬਹੁਤ ਸਾਰੇ ਵਿਅਕਤੀਆਂ ਨੂੰ ਪੋਲਨ ਐਲਰਜੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਕਈਆਂ ਨੂੰ ਆਉਣ ਵਾਲੇ ਸਮੇਂ ਵਿੱਚ ਇਸ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬਹਾਰ ਦੇ ਮੌਸਮ ਵਿੱਚ ਐਲਰਜੀ ਦਾ ਕਾਰਨ ਬਣਨ ਵਾਲੇ ਤੱਤ ਦਰਖ਼ਤਾਂ ਉੱਪਰ ਪੁੰਗਰ ਰਹੇ ਫ਼ੁੱਲਾਂ ਤੋਂ ਉੱਡ ਕੇ ਵਾਤਾਵਰਨ ਵਿੱਚ ਸ਼ਾਮਲ ਹੋ ਜਾਂਦੇ ਹਨ। ਹਰ ਸਾਲ ਇਸ ਮੌਸਮ ਦੇ ਆਉਣ ਦੇ ਕਈ ਵਿਅਕਤੀਆਂ ਨੂੰ ਆਪੋ-ਆਪਣੀ ਸੰਵੇਦਨਾ ਅਨੁਸਾਰ ਐਲਰਜੀ ਦਾ ਸਾਹਮਣਾ ਕਰਨਾ ਪੈਂਦਾ ਹੈ। ਬਹਾਰ ਦੇ ਮੌਸਮ ਵਿੱਚ ਹਰ ਸਾਲ ਜਦੋਂ ਦਰਖ਼ਤਾਂ ਦੇ ਫ਼ੁੱਲ ਫ਼ੁੱਟਣੇ ਸ਼ੁਰੂ ਹੁੰਦੇ ਹਨ ਤਾਂ ਕਈ ਸੰਵੇਦਨਸ਼ੀਲ ਵਿਅਕਤੀਆਂ ਨੂੰ ਬਹੁਤ ਤਕਲੀਫ਼ਦੇਹ ਲੱਛਣਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਵੇਂ ਛਿੱਕਾਂ (ਕਈ ਵਾਰੀ ਬਹੁਤ ਜ਼ਿਆਦਾ), ਅੱਖਾਂ ਵਿੱਚ ਲਾਲੀ ਅਤੇ ਰੜਕ, ਅੱਖਾਂ ਵਿੱਚੋਂ ਪਾਣੀ ਵਗਣਾ, ਪਲਕਾਂ ਵਿੱਚ ਜਲਨ ਅਤੇ ਸੋਜਸ਼, ਨੱਕ ਵਿੱਚ ਝੁਨਝੁਨਾਹਟ, ਨੱਕ ਵਿੱਚ ਸੇਕ ਅਤੇ ਨੱਕ ਵਿੱਚੋਂ ਜਲਨਸ਼ੀਲ ਤਰਲ ਪਦਾਰਥ ਵਗਣਾ, ਨੱਕ ਦੇ ਵਿੰਗਜ਼ ਪੂੰਝ ਪੂੰਝ ਕੇ ਲਾਲ ਹੋ ਜਾਣੇ, ਰਾਤ ਨੂੰ ਨੱਕ ਬੰਦ ਹੋ ਜਾਣਾ, ਮੂੰਹ ਰਾਹੀਂ ਸਾਹ ਲੈਣਾ, ਨੀਂਦ ਨਾ ਆਉਣੀ, ਦਿਨ ਵੇਲੇ ਨੱਕ ਬੰਦ ਰਹਿਣਾ ਅਤੇ ਉਸ ਵਿੱਚੋਂ ਪਾਣੀ ਵਗਣਾ। ਪੀੜਤ ਵਿਅਕਤੀ ਦੀ ਬੁਰੀ ਹਾਲਤ ਕਰ ਦੇਣ ਵਾਲੇ ਇਹ ਲੱਛਣ ਉਸ ਦੇ ਸੁਭਾਅ ਵਿੱਚ ਚਿੜਚਿੜਾਪਨ ਤਾਂ ਲਿਆਉਂਦੇ ਹੀ ਹਨ, ਇਨ੍ਹਾਂ ਕਾਰਨ ਵਿਅਕਤੀ ਦੀ ਕੰਮ ’ਤੇ ਜਾਣ ਦੀ ਹਾਲਤ ਵੀ ਨਹੀਂ ਰਹਿੰਦੀ। ਸਿਰ ਭਾਰਾ, ਸਿਰ ਵਿੱਚ ਦਰਦ, ਰੌਸ਼ਨੀ ਚੰਗੀ ਨਾ ਲੱਗਣੀ, ਚਿਹਰਾ ਲਾਲ ਹੋ ਜਾਣਾ, ਸਰੀਰ ਬੇਜਾਨ, ਸੁੱਕੀ ਖੰਘ, ਗਲਾ ਖ਼ੁਸ਼ਕ ਅਤੇ ਬਾਰ-ਬਾਰ ਛਿੱਕਾਂ ਮਾਰਨ ਨਾਲ ਪਸਲੀਆਂ ਵਿੱਚ ਦਰਦ ਦੇ ਕਾਰਨ ਵਿਅਕਤੀ ਬੇਹਾਲ ਹੋ ਜਾਂਦਾ ਹੈ। ਮਰੀਜ਼ ਨੂੰ ਕਿਸੇ ਵੀ ਅਵਸਥਾ ਵਿੱਚ ਚੈਨ ਨਹੀਂ ਮਿਲਦਾ। ਬੇਚੈਨੀ ਕਰਕੇ ਉਹ ਘਰ ਦੇ ਅੰਦਰ ਜਾਂ ਬਾਹਰ ਟਿਕ ਕੇ ਬੈਠ ਨਹੀਂ ਸਕਦਾ। ਕਈ ਕੇਸਾਂ ਵਿੱਚ ਉਪਰੋਕਤ ਲੱਛਣਾਂ ਦੇ ਨਾਲ ਨਾਲ ਇੰਨੀ ਜ਼ਬਰਦਸਤ ਐਲਰਜੀ ਹੁੰਦੀ ਹੈ ਕਿ ਸਾਹ ਦੀ ਨਾਲੀ ਵਿੱਚ ਵੀ ਤਕਲੀਫ਼ ਮਹਿਸੂਸ ਹੋਣ ਲੱਗ ਜਾਂਦੀ ਹੈ ਅਤੇ ਸਾਹ ਲੈਣਾ ਵੀ ਔਖਾ ਲੱਗਣ ਲੱਗ ਜਾਂਦਾ ਹੈ। ਰਵਾਇਤੀ ਇਲਾਜ ਪ੍ਰਣਾਲੀ ਵਿੱਚ ਐਲਰਜੀ ਦਾ ਅਸਰ ਘਟਾਉਣ ਲਈ ਐਲਰਜੀ ਦਾ ਕਾਰਨ ਬਣਨ ਵਾਲੇ ਖ਼ਾਸ ਤੱਤ ਦਾ ਪਤਾ ਕਰਨ ਤੋਂ ਬਾਅਦ ਟੀਕੇ ਰਾਹੀਂ ਆਈਸੋਪੈਥਿਕ (ਇਸੋਪਓਟਹਚਿ) ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਵੀ






**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579


ਐਲਰਜੀ ਦਾ ਕਾਰਨ ਬਣਨ ਵਾਲੇ ਤਕਰੀਬਨ ਸਾਰੇ ਤੱਤਾਂ ਨੂੰ ਸਥਾਪਤ ਹੋਮਿਓਪੈਥਿਕ ਫ਼ਾਰਮੇਸੀਆਂ ਵੱਲੋਂ ਪੋਟੈਨਟਾਈਜ਼ ਕੀਤਾ ਹੋਇਆ ਹੈ। ਫ਼ਰਕ ਸਿਰਫ਼ ਇਹ ਹੈ ਕਿ ਹੋਮਿਓਪੈਥੀ ਵਿੱਚ ਖਾਣ ਵਾਲੀ ਦਵਾਈ ਦਿੱਤੀ ਜਾਂਦੀ ਹੈ। ਜਿਸ ਪਦਾਰਥ ਤੋਂ ਵਿਅਕਤੀ ਸੰਵੇਦਬਸ਼ੀਲ ਹੁੰਦਾ ਹੈ ਉਸੇ ਪਦਾਰਥ ਤੋਂ ਹੋਮਿਓਪੈਥਿਕ ਫ਼ਾਰਮਾਕੋਪੀਆ ਅਨੁਸਾਰ ਦਵਾਈ ਦੀ ਪੋਟੈਂਸੀ ਤਿਆਰ ਕੀਤੀ ਜਾਂਦੀ ਹੈ। ਰਹੀਨਾਇਟੀਸ ਅਤੇ ਹੇਅ-ਫ਼ੀਵਰ ਦੇ ਇਲਾਜ ਲਈ ਕਾਊਂਟਰ ਤੋਂ ਮਿਲਣ ਵਾਲੀਆਂ ਅਤੇ ਤਜਵੀਜ਼ ਕੀਤੀ ਜਾਣ ਵਾਲੀਆਂ ਬਹੁਤ ਸਾਰੀਆਂ ਦਵਾਈਆਂ ਉਪਲਬਧ ਹਨ। ਇਨ੍ਹਾਂ ਦੀਆਂ ਦੋ ਪ੍ਰਮੁੱਖ ਸ਼੍ਰੇਣੀਆਂ ਹਨ:

- Antihistamines (ਐਂਟੀਹਿਸਟੇਮਾਈਨਜ਼)
- Topical Steroids (ਟੌਪੀਕਲ ਸਟੀਰੌਇਡਜ਼)

ਇਹ ਦੋਵਾਂ ਤਰ੍ਹਾਂ ਦੀਆਂ ਦਵਾਈਆਂ ਐਲਰਜੀ ਤੋਂ ਅਸਥਾਈ ਤੌਰ ’ਤੇ ਰਾਹਤ ਦਿੰਦੀਆਂ ਹਨ ਅਤੇ ਆਮ ਤੌਰ ’ਤੇ ਦਿਨ ਪ੍ਰਤੀ ਦਿਨ ਜਾਂ ਅਟੈਕ ਹੋਣ ’ਤੇ ਲੈਣੀਆਂ ਪੈਂਦੀਆਂ ਹਨ। ਪਰ ਇਨ੍ਹਾਂ ਦੇ ਆਪਣੇ ਮਾੜੇ ਪ੍ਰਭਾਵ ਵੀ ਹੁੰਦੇ ਹਨ ਜਿਨ੍ਹਾਂ ਨਾਲ ਨੀਂਦ ਜਾਂ ਘੁਮੇਰੀ ਆਉਣੀ ਅਤੇ ਧਿਆਨ ਲਗਾਉਣ ਵਿੱਚ ਮੁਸ਼ਕਲ ਆਉਣੀ, ਖ਼ਾਸ ਕਰਕੇ ਗੱਡੀ ਚਲਾਉਣ ਵੇਲੇ ਜਾਂ ਕਿਸੇ ਮਸ਼ੀਨ ’ਤੇ ਕੰਮ ਕਰਨ ਸਮੇਂ। ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਇਸ ਪੀੜਤ ਅਵਸਥਾ ਵਾਸਤੇ ਬਹੁਤ ਢੁਕਵੀਆਂ ਦਵਾਈਆਂ ਉਪਲਬਧ ਹਨ। ਪਰ ਜੇ ਪੀੜਤ ਵਿਅਕਤੀ ਨੂੰ ਉਸ ਦੀ ਪੂਰੀ ਬਣਤਰ, ਉਸ ਦੇ ਸੁਭਾਅ, ਆਦਤਾਂ ਅਤੇ ਜੀਵਨ-ਸ਼ੈਲੀ ਤੋਂ ਇਲਾਵਾ ਐਲਰਜੀ ਕਾਰਨ ਪੈਦਾ ਹੋਏ ਲੱਛਣਾਂ ਨੂੰ ਸਮਝਦਿਆਂ ਹੋਇਆਂ ਢੁਕਵੀਂ ਹੋਮਿਓਪੈਥਿਕ ਦਵਾਈ ਦਿੱਤੀ ਜਾਵੇ ਤਾਂ ਉਸ ਨੂੰ ਐਲਰਜੀ ਤੋਂ ਹਮੇਸ਼ਾ ਵਾਸਤੇ ਛੁਟਕਾਰਾ ਮਿਲ ਸਕਦਾ ਹੈ। ਹੋਮਿਓਪੈਥਿਕ ਦਵਾਈਆਂ ਦਾ ਕੋਈ ਸਾਈਡ-ਅਫ਼ੈਕਟ ਨਹੀਂ ਹੁੰਦਾ ਅਤੇ ਇਹ ਵਿਅਕਤੀ ਦੇ ਦਿਨ ਪ੍ਰਤੀ ਦਿਨ ਦੇ ਕੰਮ ਵਿੱਚ ਵੀ ਅੜਚਨਾਂ ਪੈਦਾ ਨਹੀਂ ਕਰਦੀਆਂ। ਇੱਕ ਪ੍ਰੋਫ਼ੈਸ਼ਨਲ ਹੋਮਿਓਪੈਥ ਹੀ ਸਹੀ ਹੋਮਿਓਪੈਥਿਕ ਦਵਾਈ ਦੀ ਚੋਣ ਕਰਨ ਉਪਰੰਤ ਐਲਰਜੀ ਤੋਂ ਪੀੜਤ ਵਿਅਕਤੀ ਦੀ ਮਦਦ ਕਰ ਸਕਦਾ ਹੈ।

**ਐਲਰਜੀ ਤੋਂ ਬਚਣ ਲਈ ਕੁਝ ਸਹਾਇਕ ਗੁਰ:**

ਧੋਤੇ ਕਪੜਿਆਂ ਨੂੰ ਸੁਕਾਉਣ ਲਈ ਖੁੱਲ੍ਹੇ ਵਿੱਚ ਨਾ ਲਟਕਾਓ ਕਿਉਂਕਿ ਕਪੜੇ ਅਤੇ ਚਾਦਰਾਂ ਉੱਪਰ ਪੋਲਨ ਡਸਟ ਜੰਮ ਜਾਂਦੀ ਹੈ। ਘਰ ਵਿੱਚ ਅਤੇ ਕਾਰ ਚਲਾਉਂਦੇ ਸਮੇਂ ਖਿੜਕੀਆਂ ਨੂੰ ਬੰਦ ਰੱਖਣ ਦੀ ਕੋਸ਼ਿਸ਼ ਕਰੋ। ਯਾਦ ਰੱਖੋ ਜਿਹੜੀ ਚੀਜ਼ ਮਿੱਟੀ ਜਾਂ ਧੂੜ ਇਕੱਠੀ ਕਰ ਸਕਦੀ ਹੈ ਉਸ ਉੱਪਰ ਪੋਲਨ ਵੀ ਜਮ੍ਹਾਂ ਹੋ ਸਕਦੇ ਹਨ। ਉਦਾਹਰਣ ਵਜੋਂ, ਕਾਰਪੈੱਟ, ਕੰਧ ’ਤੇ ਲਟਾਈਆਂ ਚੀਜ਼ਾਂ, ਪਰਦੇ, ਫ਼ਰਨੀਚਰ ਦੇ ਕਵਰ ਅਤੇ ਹੋਰ ਸਤਹਾਂ ਜਿੱਥੇ ਧੂੜ ਜੰਮ ਸਕਦੀ ਹੈ। ਸਵੇਰੇ 6 ਤੋਂ 10 ਵਜੇ ਤਕ ਹਵਾ ਵਿੱਚ ਪੋਲਨ ਦਾ ਅਸਰ ਵਧੇਰੇ ਹੁੰਦਾ ਹੈ। ਇਸ ਲਈ ਇਸ ਸਮੇਂ ਦੌਰਾਨ ਖੁੱਲ੍ਹੇ ਵਿੱਚ ਜਾਣ ਤੋਂ ਗੁਰੇਜ਼ ਕਰੋ। ਬਰਸਾਤ ਹੋਣ ਤੋਂ ਬਾਅਦ ਪੋਲਨ ਘਟ ਜਾਂਦਾ ਹੈ। ਲੰਮੇ ਸਮੇਂ ਤਕ ਬਾਹਰ ਰਹਿਣ ਤੋਂ ਬਾਅਦ ਨਹਾ ਕੇ ਕਪੜੇ ਬਦਲਣੇ ਚਾਹੀਦੇ ਹਨ। ਇਸ ਨਾਲ ਪੋਲਨ ਦਾ ਅਸਰ ਘਟ ਜਾਵੇਗਾ। ਐਨਕਾਂ ਪਹਿਨਣ ਨਾਲ ਅੱਖਾਂ ’ਤੇ ਪੋਲਨ ਦਾ ਅਸਰ ਘਟ ਜਾਂਦਾ ਹੈ।


ਨਸ਼ਿਆਂ ਤੋਂ ਛੁਟਕਾਰਾ ਪਾਓ

night & day
recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*
Surrey’s Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca




ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

# ਹਸਗੁੱਲੇ

ਪ੍ਰੀਆ (ਨੀਰਜ ਨੂੰ), ''ਜਾਨੂੰ, ਇਹ ਕੰਪਿਊਟਰ ਮੇਰੀ ਕਮਾਂਡ ਦੇ ਅਨੁਸਾਰ ਨਹੀਂ ਚੱਲ ਰਿਹਾ।"

ਨੀਰਜ, ''ਚੱਲੇਗਾ ਵੀ ਨਹੀਂ, ਕਿਉਂਕਿ ਇਹ ਕੰਪਿਊਟਰ ਹੈ, ਪਤੀ ਨਹੀਂ।"

*******

ਪਤੀ, ''ਮੇਰਾ ਅੰਦਾਜ਼ਾ ਇਹ ਕਹਿ ਰਿਹਾ ਹੈ ਕਿ ਇਸ ਡੱਬੇ ਵਿੱਚ ਕੋਈ ਖਾਣ ਵਾਲੀ ਚੀਜ਼ ਹੈ।"

ਪਤਨੀ, ''ਵਾਹ ਵਾਹ ਮੇਰੇ ਪਤੀ ਪਰਮੇਸ਼ਵਰ, ਤੁਸੀਂ ਬਿਲਕੁਲ ਸਹੀ ਅੰਦਾਜ਼ਾ ਲਗਾਇਆ, ਇਸ ਵਿੱਚ ਮੇਰੀ ਨਵੀਂ ਸੈਂਡਲ ਹੈ।"

*******

ਕੰਜੂਸ ਆਦਮੀ ਦੀ ਪਤਨੀ, ''ਸੁਣਦੇ ਹੋ ਜੀ, ਕੱਲ੍ਹ ਰਾਤ ਮੈਂ ਤੁਹਾਨੂੰ ਸੁਫਨੇ ਵਿੱਚ ਦੇਖਿਆ।"

ਕੰਜੂਸ, ''ਅੱਛਾ ਕੀ ਦੇਖਿਆ?"

ਪਤਨੀ, ''ਮੈਂ ਦੇਖਿਆ ਕਿ ਤੁਸੀਂ ਅਤੇ ਮੈਂ ਕਿਤੇ ਜਾ ਰਹੇ ਹਾਂ ਕਿ ਅਚਾਨਕ ਬਸ ਬੇਕਾਬੂ ਹੋ ਕੇ ਨਦੀ ਵਿੱਚ ਡਿੱਗ ਪਈ। ਹਰ ਕੋਈ ਆਪਣੀ ਜਾਨ ਬਚਾਉਣ ਲਈ ਤੈਰ ਰਿਹਾ ਸੀ, ਪਰ ਤੁਸੀਂ ਰੌਲਾ ਪਾ ਕੇ ਕਿਸੇ ਨੂੰ ਲੱਭ ਰਹੇ ਸੀ?"

ਕੰਜੂਸ, ''ਮੈਂ ਤੈਨੂੰ ਆਵਾਜ਼ ਦੇ ਰਿਹਾ ਸੀ ਨਾ? ਤੈਨੂੰ ਹੀ ਲੱਭ ਰਿਹਾ ਸੀ ਨਾ?"

ਪਤਨੀ, ''ਨਹੀਂ, ਤੁਸੀਂ ਰੌਲਾ ਪਾ ਰਹੇ ਸੀ, ਓਏ ਉਹ ਕੰਡਕਟਰ ਕਿੱਥੇ ਗਿਆ, ਤਿੰਨ ਰੁਪਏ ਵਾਪਸ ਲੈਣੇ ਸੀ।"

********

ਇਕ ਜਨਾਬ ਘਬਰਾਏ ਹੋਏ ਆਏ ਤੇ ਘਰ ਵਾਲੀ ਨੂੰ ਬੋਲੇ, ''ਡਾਰਲਿੰਗ! ਮੈਂ ਅੱਜ ਦਫਤਰ ਤੋਂ ਆ ਰਿਹਾ ਸੀ ਕਿ ਰਸਤੇ ਵਿੱਚ ਇਕ ਗਧਾ..."

ਓਨੀ ਦੇਰ ਨੂੰ ਬੱਚਾ ਬੋਲ ਪਿਆ ਤੇ ਪਤਨੀ ਉਸ ਦੀ ਗੱਲ ਸੁਣ ਲੱਗ ਪਈ।

ਪਤੀ ਨੇ ਫਿਰ ਕਹਿਣਾ ਸ਼ੁਰੂ ਕੀਤਾ, ''ਹਾਂ ਤਾਂ ਮੈਂ ਕਹਿ ਰਿਹਾ ਸੀ ਕਿ ਰਸਤੇ ਵਿੱਚ ਇਕ ਗਧਾ..।"

ਇੰਨੇ ਨੂੰ ਉਨ੍ਹਾਂ ਦਾ ਮੁੰਡਾ ਬੋਲਿਆ, ''ਮੰਮੀ, ਰੀਟਾ ਨੇ ਮੇਰੀ ਕਾਰ ਤੋੜ ਦਿੱਤੀ ਹੈ।"

ਘਰ ਵਾਲੀ ਖਿੱਝ ਕੇ ਬੋਲੀ, 'ਰੱਬ ਦਾ ਵਾਸਤਾ, ਚੁੱਪ,ਹੋ ਜਾਓ, ਮੈਨੂੰ ਪਹਿਲਾਂ ਗਧੇ ਦੀ ਗੱਲ ਸੁਣਨ ਦਿਓ।'

********

ਨੌਕਰਾਣੀ ਭੱਜਦੀ ਹੋਈ ਆਈ ਤੇ ਬੋਲੀ, 'ਮਾਲਕਣ, ਤੁਹਾਡੀ ਸੱਸ ਨੂੰ ਤਿੰਨ ਔਰਤਾਂ ਕੁੱਟ ਰਹੀਆਂ ਹਨ।

ਮਾਲਕਣ ਨੌਕਰਾਣੀ ਨਾਲ ਭੱਜ ਕੇ ਬਾਹਰ ਆਈ ਅਤੇ ਚੁੱਪਚਾਪ ਖੜੀ ਹੋ ਕੇ ਤਮਾਸ਼ਾ ਦੇਖਣ ਲੱਗੀ।ਨੌਕਰਾਣੀ

ਬੋਲੀ, ''ਤੁਸੀਂ ਮਦਦ ਲਈ ਨਹੀਂ ਜਾਵੋਗੇ?" ਮਾਲਕਣ, ''ਨਹੀਂ, ਉਸ ਦੇ ਲਈ ਤਿੰਨ ਹੀ ਕਾਫੀ ਹਨ।"

********

ਸਿੰਗਲੇ ਤੇ ਅਸ਼ੋਕ ਦਾ ਐਕਸੀਡੈਂਟ ਹੋ ਗਿਆ।

ਹਸਪਤਾਲ ਵਿੱਚ ਸਿੰਗਲੇ ਦੀ ਜਦੋਂ ਮੱਲ੍ਹਮ-ਪੱਟੀ ਕੀਤੀ ਜਾ ਰਹੀ ਸੀ ਤਾਂ ਉਸ ਨੇ ਬੜਾ ਰੌਲਾ ਪਾਇਆ ਅਤੇ ਸਾਰਾ ਹਸਪਤਾਲ ਸਿਰ 'ਤੇ ਚੁੱਕ ਲਿਆ।

ਜਦੋਂ ਅਸ਼ੋਕ ਦੀ ਵਾਰੀ ਆਈ ਤਾਂ ਉਹ ਬੜੇ ਆਰਾਮ ਨਾਲ ਪੱਟੀ ਕਰਵਾਉਂਦਾ ਰਿਹਾ।

ਇਹ ਦੇਖ ਕੇ ਡਾਕਟਰ ਸਿੰਗਲੇ ਨੂੰ ਕਹਿਣ ਲੱਗਾ,

''ਦੇਖ, ਤੇਰਾ ਦੋਸਤ ਕਿੰਨਾ ਬਹਾਦਰ ਹੈ, ਕਿੰਨੇ ਆਰਾਮ ਨਾਲ ਪੱਟੀ ਕਰਵਾ ਰਿਹਾ ਹੈ।"

ਇੰਨੇ ਨੂੰ ਅਸ਼ੋਕ ਬੋਲਿਆ, ''ਨਹੀਂ ਡਾ. ਸਾਹਿਬ, ਅਸਲ ਵਿੱਚ ਇਸ ਦੀਆਂ ਚੀਕਾਂ ਸੁਣ ਕੇ ਮੈਂ ਇੰਨਾ ਡਰ ਗਿਆ ਸੀ ਕਿ ਮੈਂ ਆਪਣੀ ਦੂਜੀ ਲੱਤ 'ਤੇ ਪੱਟੀ ਕਰਵਾ ਲਈ, ਜੋ ਬਿਲਕੁਲ ਠੀਕ ਹੈ।"

********

ਪ੍ਰੇਮੀ, ''ਕਿਸੇ ਨੇ ਸੱਚ ਕਿਹਾ ਹੈ ਕਿ ਚੋਰੀ ਕਰੋਗੇ ਤਾਂ ਜ਼ਿੰਦਗੀ ਭਰ ਪਛਤਾਓਗੇ।"

ਪ੍ਰੇਮਿਕਾ, ''ਸੱਚ ਹੀ ਤਾਂ ਹੈ, ਮੈਂ ਦੋ ਸਾਲ ਪਹਿਲਾਂ ਤੇਰਾ ਦਿਲ ਚੋਰੀ ਕੀਤਾ ਸੀ, ਹੁਣ ਪਛਤਾ ਰਹੀ ਹਾਂ।"

********

ਨਰਸ ਨੇ ਡਾਕਟਰ ਨੂੰ ਪੁੱਛਿਆ, ''ਤੁਸੀਂ ਮੈਨੂੰ ਇੰਨਾ

ਪਿਆਰ ਕਰਦੇ ਹੋ ਤਾਂ ਫਿਰ ਵਿਆਹ ਤੋਂ ਇਨਕਾਰ ਕਿਉਂ ਕਰ ਰਹੇ ਹੋ?"

ਡਾਕਟਰ ਨੇ ਕਿਹਾ, ''ਚਾਹੁੰਦਾ ਤਾਂ ਮੈਂ ਵੀ ਇਹੋ ਹਾਂ, ਪਰ ਸੋਚਦਾ ਹਾਂ ਕਿ ਵਿਆਹ ਤੋਂ ਬਾਅਦ ਜਦੋਂ ਮੈਂ ਤੈਨੂੰ

'ਸਿਸਟਰ' ਕਹਿ ਕੇ ਸੱਦਾਂਗਾ ਤਾਂ ਲੋਕ ਕੀ ਕਹਿਣਗੇ?"

********

ਸੋਹਣ ( ਗਰਲਫਰੈਂਡ ਨੂੰ), ''ਮੈਂ ਤੈਨੂੰ ਬਹੁਤ ਪਿਆਰ ਕਰਦਾ ਹਾਂ।"

ਗਰਲਫਰੈਂਡ, ''...ਪਰ ਮੇਰੀ ਮਾਂ ਇਸ ਪਿਆ ਰ -ਮੁਹੱਬਤ ਨੂੰ ਨਹੀਂ ਸਮਝਦੀ।"

ਸੋਹਣ, ''ਮੈਂ ਤੇਰੀ ਮੰਮੀ ਨਾਲ ਥੋੜ੍ਹਾ ਪਿਆਰ ਕਰਦਾ ਹਾਂ।"

********

ਮਾਲਕਣ (ਨੌਕਰਾਣੀ ਨੂੰ), ''ਕੀ ਹੋਇਆ ਤੂੰ ਤਿੰਨ ਦਿਨਾਂ ਤੋਂ ਕੰਮ 'ਤੇ ਨਹੀਂ ਆਈ।"

ਨੌਕਰਾਣੀ, ''ਮੈਂ ਫੇਸਬੁੱਕ 'ਤੇ ਅਪਡੇਟ ਕੀਤਾ ਤਾਂ ਸੀ ਕਿ ਮੈਂ ਪਿੰਡ ਜਾ ਰਹੀ ਹਾਂ, ਤੁਹਾਡੇ ਪਤੀ ਨੇ ਕੁਮੈਂਟ ਵੀ ਕੀਤਾ ਸੀ, 'ਮਿਸ ਯੂ'।"

********

ਇੱਕ ਦਿਨ ਰਾਜਾ-ਰਾਣੀ ਨੇ ਮੋਬਾਈਲ ਦੀ ਬਜਾਏ ਸੰਦੇਸ਼ ਭੇਜਣ ਲਈ ਕਬੂਤਰ ਇਸਤੇਮਾਲ ਕਰਨ ਦਾ ਫੈਸਲਾ ਕੀਤਾ।

ਅਗਲੇ ਦਿਨ ਕਬੂਤਰ ਬਿਨਾਂ ਹੀ ਸੰਦੇਸ਼ ਰਾਜੇ ਦੇ ਕੋਲ ਪੁੱਜਾ, ਉਸ ਨੇ ਗੁੱਸੇ ਵਿੱਚ ਰਾਣੀ ਨੂੰ ਬੁਲਾਇਆ

ਅਤੇ ਇਸ ਦੀ ਵਜ੍ਹਾ ਪੁੱਛੀ।

ਰਾਣੀ, ''ਤੁਸੀਂ ਤਾਂ ਕਝ ਸਮਝਦੇ ਹੀ ਨਹੀਂ, ਇਹ ਮਿਸ ਕਾਲ ਸੀ।"

********

ਬੰਧੂ ਦੀ ਘਰ ਵਾਲੀ ਦਾ ਰੰਗ ਬਹੁਤ ਕਾਲਾ ਸੀ।

ਇੱਕ ਦਿਨ ਉਸ ਨੇ ਸੰਤਰੀ ਰੰਗ ਦੀ ਸਾੜ੍ਹੀ ਪਾਈ ਤੇ ਪੁੱਛਿਆ, ''ਦੇਖੋ ਜੀ, ਕਿਸ ਤਰ੍ਹਾਂ ਲੱਗਦੀ ਹਾਂ ਮੈਂ?"

ਬੰਧੂ, ''ਇਸ ਤਰ੍ਹਾਂ ਜਿਵੇਂ ਸੁਰਮੇ ਦੀ ਫੈਕਟਰੀ 'ਚ ਅੱਗ ਲੱਗ ਗਈ ਹੋਵੇ।"

********

ਇੱਕ ਪਿਤਾ ਆਪਣੇ ਬੇਟੇ ਦੀਆਂ ਸ਼ਰਾਰਤਾਂ ਤੋਂ ਬਹੁਤ ਪ੍ਰੇਸ਼ਾਨ ਸੀ, ਜਿਹੜਾ ਹਮੇਸ਼ਾ ਕੰਪਿਊਟਰ 'ਤੇ ਗੇਮਾਂ ਖੇਡਦਾ ਰਹਿੰਦਾ ਸੀ।ਇੱਕ ਦਿਨ ਪੜ੍ਹਾਈ ਤੇ ਹੋਮਵਰਕ ਕਰਨ ਲਈ ਉਸ ਨੂੰ ਪ੍ਰੇਰਿਤ ਕਰਦੇ ਹੋਏ ਉਸ ਦੇ ਪਿਤਾ ਨੇ ਕਿਹਾ, ''ਜਦ ਅਬਰਾਹਮ ਲਿੰਕਨ ਤੇਰੀ ਉਮਰ ਦਾ ਸੀ ਤਾਂ ਉਹ ਲੱਕੜੀਆਂ ਦੀ ਅੱਗ ਬਾਲ ਕੇ ਉਸ ਦੇ ਸਾਹਮਣੇ ਪੜ੍ਹਾਈ ਕਰਦਾ ਹੁੰਦਾ ਸੀ।"

ਬੱਚੇ ਨੇ ਜਵਾਬ ਦਿੱਤਾ, ''ਜਦ ਲਿੰਕਨ ਤੁਹਾਡੀ ਉਮਰ ਦੇ ਸਨ ਤਾਂ ਅਮਰੀਕਾ ਦੇ ਰਾਸ਼ਟਰਪਤੀ ਸਨ।"

********

ਇੱਕ ਕੰਜੂਸ ਨੇ ਮਠਿਆਈ ਦੀ ਦੁਕਾਨ ਖੋਲ੍ਹੀ ਅਤੇ ਨੌਕਰ ਲਈ ਅਖਬਾਰ ਵਿੱਚ ਇਸ਼ਤਿਹਾਰ ਦਿੱਤਾ...

''ਇੱਕ ਨੌਕਰ ਦੀ ਜ਼ਰੂਰਤ ਹੈ, ਪਰ ਸਿਰਫ ਸ਼ੂਗਰ ਦੇ ਮਰੀਜ਼ ਹੀ ਆਉਣ।"

********

ਨਿਸ਼ਾ (ਪਾਪਾ ਨੂੰ), ''ਪਾਪਾ, ਤੁਸੀਂ ਜਾਣਦੇ ਹੋ ਕਿ ਮੈਂ ਆਪਣਾ ਜਨਮ ਦਿਨ ਕਿਉਂ ਮਨਾਉਂਦੀ ਹਾਂ?" ਪਾਪਾ, ''ਦੱਸ।" ਨਿਸ਼ਾ, ''ਇਸ ਲਈ ਕਿ ਇਸ ਦਿਨ ਸਭ ਨੂੰ ਕੇਕ ਖਾਣ ਲਈ ਮਿਲਦਾ ਹੈ।"

********

ਪੁਲਸ, ''ਤੇਰਾ ਦੋਸਤ ਕਿਵੇਂ ਮਰਿਆ?"

ਸੁਰਜੀਤ, ''ਪਤਾ ਨਹੀਂ, ਉਹ ਕਹਿਣ ਲੱਗਿਆ ਕਿ

ਮੇਰੇ ਪੇਟ ਵਿੱਚ ਚੂਹੇ ਕੁੱਦ ਰਹੇ ਹਨ ਤਾਂ ਮੈਂ ਉਸ ਨੂੰ ਚੂਹੇ ਮਾਰਨ ਵਾਲੀ ਦਵਾਈ ਪਿਲਾ ਦਿੱਤੀ।"

********

ਪਤੀ, ''ਜਦੋਂ ਮੈਂ ਚੰਗੇ ਕੱਪੜੇ ਪਾ ਕੇ ਬਾਜ਼ਾਰ ਜਾਂਦਾ ਹਾਂ ਤਾਂ ਸਬਜ਼ੀ ਵਾਲੇ ਸਬਜ਼ੀ ਮਹਿੰਗੀ ਦਿੰਦੇ ਹਨ ਤੇ

ਜਦੋਂ ਮੈਲੇ ਕੱਪੜੇ ਪਾ ਕੇ ਜਾਂਦਾ ਹਾਂ ਤਾਂ ਸਬਜ਼ੀ ਸਸਤੀ ਮਿਲਦੀ ਹੈ?"

ਪਤਨੀ, ''ਤੁਸੀਂ ਕੌਲਾ ਲੈ ਕੇ ਜਾਇਆ ਕਰੋ, ਸਬਜ਼ੀ ਮੁਫਤ ਮਿਲ ਜਾਵੇਗੀ।"

********

ਮਨੂ (ਦੋਸਤ ਨੂੰ), ''ਪਤਾ ਨਹੀਂ ਵਿਆਹ ਤੋਂ ਬਾਅਦ ਲੋਕ ਪਤਨੀ ਤੋਂ ਡਰਨ ਕਿਉਂ ਲੱਗਦੇ ਹਨ।"

ਦੋਸਤ, ''...ਤਾਂ ਕੀ ਤੂੰ ਨਹੀਂ ਡਰਦਾ?"

ਮਨੂ, ''ਕਿੱਥੇ ਡਰਦਾ ਹਾਂ, ਮੈਂ ਅੱਜ ਸਾਫ-ਸਾਫ ਕਹਿ ਦਿੱਤਾ ਕਿ ਅਜੇ ਸਮਾਂ ਨਹੀਂ, ਭਾਂਡੇ ਸ਼ਾਮ ਨੂੰ ਮਾਂਜਾਂਗਾ।"

*********

ਅਮਨ, ''ਬਈ ਮੇਕਅਪ ਕਿਸ ਨੂੰ ਕਹਿੰਦੇ ਹਨ?"

ਰਮਨ, ''ਮੈਨੂੰ ਕੀ ਪਤਾ ਇਸ ਬਾਰੇ, ਤੂੰ ਹੀ ਦੱਸ ਦੇ।" ਅਮਨ, ''ਪਤੀ ਦੇ ਪੈਸਿਆਂ ਨਾਲ ਹੀ ਪਤੀ ਨੂੰ ਬੇਵਕੂਫ ਬਣਾਉਣ ਦੀ ਸਾਜ਼ਿਸ਼ ਮੇਕਅਪ ਕਹਾਉਂਦੀ ਹੈ।













# ਮੋਦੀ ਰਾਜ ਪ੍ਰਬੰਧ ਦੇਸਾਂ ਵਿਦੇਸ਼ਾਂ ਵਿਚ ਘੱਟ ਗਿਣਤੀਆਂ, ਦੱਬੇ ਕੁਚਲੇ ਲੋਕਾਂ ਦੀ ਅਵਾਜ਼ ਨੂੰ ਕੁਚਲਣ ਲੱਗਾ

## ਅਮਰੀਕਨ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਕੀਤਾ ਜਾਣ ਲੱਗਿਆ ਬਦਨਾਮ

## ਵਾਸ਼ਿੰਗਟਨ ਪੋਸਟ ਵਿੱਚ ਛਪੀ ਇੱਕ ਰਿਪੋਰਟ ਨੇ ਅਮਰੀਕਾ ਵਿੱਚ ਵੱਸਦੇ ਭਾਰਤੀਆਂ ਦੀ ਚਿੰਤਾ ਵਧਾਈ

ਅਮਰੀਕਾ ਦੇ ਪ੍ਰਮੁੱਖ ਅਖਬਾਰ ਵਾਸ਼ਿੰਗਟਨ ਪੋਸਟ ਵਿੱਚ ਛਪੀ ਇੱਕ ਰਿਪੋਰਟ ਨੇ ਅਮਰੀਕਾ ਵਿੱਚ ਵੱਸਦੇ ਉਨ੍ਹਾਂ ਭਾਰਤੀਆਂ ਦੀ ਚਿੰਤਾ ਵਧਾ ਦਿੱਤੀ ਹੈ ਜੋ ਮੋਦੀ ਰਾਸ ਪ੍ਰਬੰਧ ਵਿੱਚ ਘੱਟ ਗਿਣਤੀਆਂ, ਦਬੇ ਕੁਚਲੇ ਲੋਕਾਂ ਤੇ ਆਦਿਵਾਸੀਆਂ ਉੱਤੇ ਹੋ ਰਹੇ ਅੱਤਿਆਚਾਰਾਂ ਨੂੰ ਮੁੱਦਾ ਬਣਾਉਂਦੇ ਹਨ। ਵਾਸ਼ਿੰਗਟਨ ਪੋਸਟ ਨੇ ਭਾਰਤ ਆਧਾਰਿਤ ਪ੍ਰਚਾਰ ਸਮੂਹ 'ਦਿ ਡਿਸਇਨਫੋ ਲੈਬ' ਦਾ ਪਰਦਾਫਾਸ਼ ਕਰਦਿਆਂ ਇਕ ਰਿਪੋਰਟ ਵਿਚ ਕਿਹਾ ਹੈ ਕਿ ਇਸ ਦੇ ਰਾਹੀਂ ਮੋਦੀ ਸਰਕਾਰ ਦੇ ਆਲੋਚਕਾਂ ਨੂੰ ਚੁੱਪ ਕਰਾਉਣ ਤੇ ਉਨ੍ਹਾਂ ਨੂੰ ਬਦਨਾਮ ਕਰਨ ਦੇ ਉਦੇਸ਼ ਨਾਲ ਵੱਡੇ ਪੱਧਰ 'ਤੇ ਗਲਤ ਜਾਣਕਾਰੀ ਦੀ ਮੁਹਿੰਮ ਚਲਾਈ ਜਾ ਰਹੀ ਹੈ। ਫੈਕਟ ਚੈਕ ਦੇ ਨਾਂ 'ਤੇ ਬਣਾਈ ਜਾ ਰਹੀ ਇਸ ਰਿਪੋਰਟ ਦਾ ਨਿਸ਼ਾਨਾ ਖਾਸ ਤੌਰ 'ਤੇ ਅਮਰੀਕੀ ਪ੍ਰਸ਼ਾਸਨ ਨਾਲ ਜੁੜੇ ਲੋਕ, ਖੋਜਕਰਤਾ, ਹਿੰਦੂ ਫਾਰ ਹਿਊਮਨ ਰਾਈਟਸ (ਐੱਚ.ਐੱਫ.ਐੱਚ.ਆਰ.) , ਇੰਡੀਅਨ ਅਮਰੀਕਨ ਮੁਸਲਿਮ ਕੌਂਸਲ (ਆਈ.ਏ.ਐੱਮ.ਸੀ.), ਕਾਂਗਰਸ ਵੂਮੈਨ ਪ੍ਰਮਿਆ ਜੈਪਾਲ, ਯੂਨਾਈਟਿਡ ਸਟੇਟਸ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫਰੀਡਮ ਇਕਵੈਲਟੀ ਲੈਬਜ਼, ਆਦਿ ਹਨ।ਵਾਸ਼ਿੰਗਟਨ ਪੋਸਟ ਦੀ ਰਿਪੋਰਟ ਵਿੱਚ ਦਿੱਤੇ ਗਏ ਸਾਬਕਾ ਕਰਮਚਾਰੀਆਂ ਦੇ ਅਨੁਸਾਰ, ਡਿਸਇਨਫੋ ਲੈਬ ਦੀ ਅਗਵਾਈ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨਾਲ ਜੁੜੇ ਖੁਫੀਆ ਅਧਿਕਾਰੀ ਕਰਦੇ ਹਨ। ਡਿਸਇਨਫੋ ਲੈਬ ਨੇ ਅਮਰੀਕਾ ਸਥਿਤ ਹਿੰਦੂ ਰਾਸ਼ਟਰਵਾਦੀ ਸੰਗਠਨਾਂ ਦੀ ਮਦਦ ਨਾਲ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਬਦਨਾਮ ਕਰਨ ਲਈ ਵਿਆਪਕ ਮੁਹਿੰਮਾਂ ਚਲਾਈਆਂ ਹੋਈਆਂ ਹਨ। ਇਹ ਮਨਘੜਤ ਰਿਪੋਰਟਾਂ ਦੇ ਆਧਾਰ 'ਤੇ ਵੱਡੇ ਪੱਧਰ 'ਤੇ ਕੂੜ ਪ੍ਰਚਾਰਿਆ ਜਾ ਰਿਹਾ ਹੈ।

ਇਸ ਦੇ ਤਹਿਤ ਡਿਸਇਨਫੋ ਲੈਬ ਦੀਆਂ ਰਿਪੋਰਟਾਂ ਨੇ ਝੂਠ ਫੈਲਾਕੇ ਆਈਏਐਮਸੀ ਨੂੰ ਪਾਕਿਸਤਾਨ ਦੀ ਇੰਟਰ-ਸਰਵਿਸਿਜ਼ ਇੰਟੈਲੀਜੈਂਸ ਏਜੰਸੀ ਦੀ ਪ੍ਰਮੁੱਖ ਸੰਸਥਾ ਵਜੋਂ ਪੇਸ਼ ਕੀਤਾ ਗਿਆ ਅਤੇ ਅਮਰੀਕੀ ਪ੍ਰਤੀਨਿਧ ਪਰਾਈਮਿਆ ਜੈਪਾਲ 'ਤੇ ਵੀ ਇਸੇ ਤਰ੍ਹਾਂ ਦੇ ਘਟੀਆ ਤੇ ਝੂਠੇ ਦੋਸ਼ ਲਗਾਏ ਗਏ।ਇਹ ਝੂਠਾ ਦਾਅਵਾ ਕੀਤਾ ਕਿ ਉਹ "ਇਸਲਾਮਿਕ ਫੰਡਿੰਗ" ਪ੍ਰਾਪਤ ਕਰਕੇ ਇੰਡੀਆ ਵਿਰੁੱਧ ਝੂਠਾ ਪ੍ਰਚਾਰ ਕਰ ਰਹੇ ਹਨ। ਹਿੰਦੂ ਰਾਸ਼ਟਰਵਾਦੀ ਸੰਗਠਨਾਂ ਦੁਆਰਾ ਅਮਰੀਕੀ ਕਾਂਗਰਸ ਦੇ ਮੈਂਬਰਾਂ ਨੂੰ ਵੰਡੀ ਗਈ ਡਿਸਇਨਫੋ ਲੈਬ ਰਿਪੋਰਟ ਅਮਰੀਕੀ ਮੁਸਲਿਮ ਮਾਨਵਤਾਵਾਦੀ ਸੰਗਠਨਾਂ ਅਤੇ ਅੱਤਵਾਦੀ ਸਮੂਹਾਂ ਵਿਚਕਾਰ ਮਨਘੜਤ ਸਬੰਧਾਂ ਨੂੰ ਦਰਸਾਉਂਦੀ ਹੈ। ਇੰਨਾ ਹੀ ਨਹੀਂ, ਕੈਲੀਫੋਰਨੀਆ ਵਿਚ ਹਿੰਦੂਤਵ ਨਾਲ ਜੁੜੇ ਸੰਗਠਨਾਂ ਨੇ ਡਿਸਇਨਫੋ ਲੈਬ ਦੀ ਰਿਪੋਰਟ ਦੀ ਵਰਤੋਂ ਕਰਕੇ ਅਮਰੀਕਾ ਸਥਿਤ ਦਲਿਤ (ਭਾਰਤ ਵਿਚ ਸਭ ਤੋਂ ਨੀਵੀਂ ਜਾਤ) ਦੇ ਅਧਿਕਾਰ ਸੰਗਠਨ 'ਇਕੁਵਾਲਿਟੀ ਲੈਬਜ਼' ਨੂੰ ਪਾਕਿਸਤਾਨੀ ਖੁਫੀਆ ਏਜੰਸੀ ਨਾਲ ਜੋੜਿਆ ਸੀ।ਆਈਏਐਮਸੀ ਦੇ ਕਾਰਜਕਾਰੀ ਨਿਰਦੇਸ਼ਕ ਰਸ਼ੀਦ ਅਹਿਮਦ ਨੇ ਵਾਸ਼ਿੰਗਟਨ ਪੋਸਟ ਦੀ ਰਿਪੋਰਟ ਬਾਰੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ, "ਵਾਸ਼ਿੰਗਟਨ ਪੋਸਟ ਦੀ ਖੋਜ ਅਮਰੀਕੀਆਂ ਲਈ ਚੇਤਾਵਨੀ ਹੋਣੀ ਚਾਹੀਦੀ ਹੈ ਜੋ ਅਜੇ ਵੀ ਮੋਦੀ ਸਰਕਾਰ ਵਿਰੁੱਧ ਨਰਮ ਰੁਖ ਅਪਨਾ ਰਹੇ ਹਨ।ਮੋਦੀ ਸਰਕਾਰ ਇੱਥੇ, ਭਾਰਤ ਅਤੇ ਵਿਦੇਸ਼ਾਂ ਵਿਚ ਆਲੋਚਨਾਤਮਕ ਆਵਾਜ਼ਾਂ ਨੂੰ ਦਬਾਉਣਾ ਚਾਹੁੰਦੀ ਹੈ ਤੇ ਉਨ੍ਹਾਂ ਨੂੰ ਚੁੱਪ ਕਰਾਉਣ ਲਈ ਜਮਹੂਰੀ ਆਜ਼ਾਦੀਆਂ ਨੂੰ ਕੁਚਲਣਾ ਚਾਹੁੰਦੀ ਹੈ।ਆਈਏਐਮਸੀ ਦੇ ਪ੍ਰਧਾਨ ਮੁਹੰਮਦ ਜਵਾਦ ਨੇ ਕਿਹਾ ਹੈ ਕਿ ਆਈਏਐਮਸੀ ਅਤੇ ਐਚਐਫਐਚਆਰ ਦੇ ਸੋਸ਼ਲ ਮੀਡੀਆ ਖਾਤਿਆਂ ਦੀ ਸੈਂਸਰਸ਼ਿਪ ਤੋਂ ਲੈ ਕੇ ਇਹ ਖੁਲਾਸੇ ਸਾਬਤ ਕਰਦੇ ਹਨ ਕਿ ਭਾਰਤ ਸਰਕਾਰ ਦਾ ਉਦੇਸ਼ ਵਿਦੇਸ਼ੀ ਧਰਤੀ ਤੋਂ ਵੀ ਜ਼ਾਹਰ ਕੀਤੀ ਜਾ ਰਹੀ ਅਸਹਿਮਤੀ ਨੂੰ ਚੁੱਪ ਕਰਾਉਣਾ ਹੈ। ਉਸਨੇ ਇਸ ਪੂਰੇ ਘਟਨਾਕ੍ਰਮ ਦੀ ਜਾਂਚ ਦੀ ਮੰਗ ਕਰਦਿਆਂ ਕਿਹਾ, "ਅਮਰੀਕੀ ਅਧਿਕਾਰੀਆਂ ਨੂੰ ਅਮਰੀਕੀ ਰਾਜਨੀਤਿਕ ਖੇਤਰ ਵਿੱਚ ਅਜਿਹੀ ਘੁਸਪੈਠ ਨੂੰ ਰੋਕਣ ਲਈ ਨਿਰਣਾਇਕ ਕਾਰਵਾਈ ਕਰਨੀ ਚਾਹੀਦੀ ਹੈ।"ਵਾਸ਼ਿੰਗਟਨ ਟਾਈਮਜ਼ ਦੀ ਰਿਪੋਰਟ ਦੇ ਮੁਤਾਬਿਕ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਅਧਿਕਾਰੀਆਂ ਦੇ ਨਾਲ-ਨਾਲ ਅਮਰੀਕਾ ਸਥਿਤ ਹਿੰਦੂ ਰਾਸ਼ਟਰਵਾਦੀ ਸੰਗਠਨਾਂ ਜਿਸ ਵਿਚ ਅਮਰੀਕਾ ਦੇ ਵਿਸ਼ਵ ਹਿੰਦੂ ਪ੍ਰੀਸ਼ਦ ਦੀਆਂ ਦੋਵੇਂ ਸ਼ਾਖਾਵਾਂ ਹਿੰਦੂਪੈਕਟ ਅਤੇ ਹਿੰਦੂ ਐਕਸ਼ਨ ਸ਼ਾਮਿਲ ਹਨ ,ਰਾਹੀਂ ਸੋਸ਼ਲ ਮੀਡੀਆ 'ਤੇ 2022 ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਸੰਮੇਲਨ ਸਮੇਤ ਵੱਖ-ਵੱਖ ਅਮਰੀਕੀ ਰਾਜਨੀਤਿਕ ਸਥਾਨਾਂ 'ਤੇ ਡਿਸਇਨਫੋ ਲੈਬ ਦਾ ਪ੍ਰਚਾਰ ਵਡੇ ਪੱਧਰ ਉਪਰ ਫੈਲਾਇਆ ਗਿਆ ਹੈ।

# ਸਾਢੇ 7 ਫੁੱਟ ਲੰਮੇ ਸਾਬਕਾ ਕਾਂਸਟੇਬਲ ਦਾ ਨਿਕਲਿਆ ਪਾਕਿਸਤਾਨ ਕੁਨੈਕਸ਼ਨ



ਚੰਡੀਗੜ੍ਹ:ਆਪਣੇ ਲੰਮੇ ਕੱਦ ਕਾਰਨ ਦੇਸ਼-ਵਿਦੇਸ਼ 'ਚ ਮਸ਼ਹੂਰ ਹੋਏ ਸਾਬਕਾ ਕਾਂਸਟੇਬਲ ਜਗਦੀਪ ਸਿੰਘ ਨੇ ਆਪਣੀ ਪਛਾਣ ਦਾ ਨਾਜਾਇਜ਼ ਫਾਇਦਾ ਉਠਾਉਂਦੇ ਹੋਏ ਹੈਰੋਇਨ ਦੀ ਤਸਕਰੀ ਸ਼ੁਰੂ ਕਰ ਦਿੱਤੀ। ਫਿਲਹਾਲ ਉਹ ਕਾਊਂਟਰ ਇੰਟੈਲੀਜੈਂਸ ਦੇ ਸੰਯੁਕਤ ਪੁੱਛਗਿੱਛ ਕੇਂਦਰ ਵਿੱਚ ਹੈ। ਜਿੱਥੇ ਉਸ ਨੇ ਪੁੱਛਗਿੱਛ ਦੌਰਾਨ ਕਈ ਅਹਿਮ ਖੁਲਾਸੇ ਕੀਤੇ। ਪੁਲਿਸ ਡਿਊਟੀ ਤੇ ਰਹਿੰਦਿਆਂ ਵੀ ਉਹ ਹੈਰੋਇਨ ਖਰੀਦਣ ਲਈ ਵਰਦੀ ਪਾ ਕੇ ਸਰਹੱਦੀ ਖੇਤਰ ਵਿੱਚ ਜਾਂਦਾ ਰਿਹਾ ਹੈ। ਪੁਲਿਸ ਵਿੱਚ ਰਹਿੰਦਿਆਂ ਉਸ ਨੇ ਪਾਕਿਸਤਾਨੀ ਸਮੱਗਲਰਾਂ ਬਾਬਾ ਇਮਰਾਨ ਅਤੇ ਅਲੀ ਸ਼ਾਹ ਨਾਲ ਸਬੰਧ ਕਾਇਮ ਕਰ ਲਏ ਸਨ। ਇਹ ਦੋਵੇਂ ਹੁਣ ਤੱਕ ਪਾਕਿਸਤਾਨ ਤੋਂ ਉਸ ਨੂੰ ਕਰੋੜਾਂ ਰੁਪਏ ਦੀ ਹੈਰੋਇਨ ਭੇਜ ਚੁੱਕੇ ਹਨ।ਜਗਦੀਪ ਸਿੰਘ ਅਤੇ ਦੋ ਸਾਥੀਆਂ ਨੂੰ ਸ਼ੁੱਕਰਵਾਰ ਨੂੰ ਕਾਊਂਟਰ ਇੰਟੈਲੀਜੈਂਸ ਨੇ ਹੈਰੋਇਨ ਦੀ ਤਸਕਰੀ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਸੀ। ਦੋਸ਼ੀਆਂ ਨੂੰ ਤਰਨਤਾਰਨ ਦੇ ਸਰਹੱਦੀ ਖੇਤਰ ਤੋਂ ਗ੍ਰਿਫ਼ਤਾਰ ਕੀਤਾ ਗਿਆ। ਤਲਾਸ਼ੀ ਦੌਰਾਨ ਅੱਧਾ ਕਿੱਲੋ ਹੈਰੋਇਨ ਵੀ ਬਰਾਮਦ ਹੋਈ। ਫੜੇ ਗਏ ਸਮੱਗਲਰ ਜਗਦੀਪ ਸਿੰਘ ਦਾ ਪਿਤਾ ਕਾਲੂ ਜਠੋਲ ਹੈਰੋਇਨ ਦਾ ਅੰਤਰਰਾਸ਼ਟਰੀ ਤਸਕਰ ਹੈ।ਉਹ ਹੈਰੋਇਨ ਤਸਕਰੀ ਦੇ ਮਾਮਲਿਆਂ ਵਿੱਚ ਕਈ ਵਾਰ ਜੇਲ੍ਹ ਜਾ ਚੁੱਕਾ ਹੈ। ਕਾਲੂ ਇਸ ਸਮੇਂ ਜੇਲ੍ਹ ਵਿੱਚ ਹੈ। ਪੁਲਿਸ ਦੀ ਵਰਦੀ ਵਿੱਚ ਜਗਦੀਪ ਹੁਣ ਆਪਣੇ ਮਸ਼ਹੂਰ ਚਿਹਰੇ ਅਤੇ ਪੁਲਿਸ ਦੀ ਆੜ ਵਿੱਚ ਆਪਣੇ ਪਿਤਾ ਦਾ ਤਸਕਰੀ ਦਾ ਧੰਦਾ ਚਲਾ ਰਿਹਾ ਸੀ। ਜਦੋਂ ਵੀ ਉਸਦੇ ਪਿਤਾ ਨੂੰ ਗ੍ਰਿਫਤਾਰ ਕੀਤਾ ਗਿਆ ਤਾਂ ਉਸਦਾ ਨਾਮ ਵੀ ਸਾਹਮਣੇ ਆਉਂਦਾ ਰਿਹਾ। ਪਰ ਉਹ ਕਿਸੇ ਨਾ ਕਿਸੇ ਸਿਫ਼ਾਰਿਸ਼ ਕਰਕੇ ਬਚ ਜਾਂਦਾ ਸੀ।

# ਲੋਕ ਸਭਾ 'ਚੋਂ ਵਿਰੋਧੀ ਧਿਰ ਦੇ 33 ਮੈਂਬਰ ਮੁਅੱਤਲ

ਨਵੀਂ ਦਿੱਲੀ:-ਸਦਨ ਵਿੱਚ ਕਾਂਗਰਸ ਆਗੂ ਅਧੀਰ ਰੰਜਨ ਚੌਧਰੀ, ਡੀਐੱਮਕੇ ਦੇ ਸੰਸਦ ਮੈਂਬਰ ਟੀਆਰ ਬਾਲੂ ਅਤੇ ਦਯਾਨਿਧੀ ਮਾਰਨ ਅਤੇ ਟੀਐੱਮਸੀ ਦੇ ਸੌਗਤ ਰਾਏ ਸਮੇਤ 33 ਵਿਰੋਧੀ ਮੈਂਬਰਾਂ ਨੂੰ ਅੱਜ ਲੋਕ ਸਭਾ ਵਿੱਚੋਂ ਮੁਅੱਤਲ ਕਰ ਦਿੱਤਾ ਗਿਆ। ਇਨ੍ਹਾਂ ਵਿੱਚੋਂ 30 ਨੂੰ ਸਰਦ ਰੁੱਤ ਸੈਸ਼ਨ ਦੇ ਬਾਕੀ ਬਚੇ ਸਮੇਂ ਲਈ ਮੁਅੱਤਲ ਕਰ ਦਿੱਤਾ ਗਿਆ ਸੀ, ਜਦਕਿ ਤਿੰਨ ਨੂੰ ਵਿਸ਼ੇਸ਼ ਅਧਿਕਾਰ ਕਮੇਟੀ ਦੀ ਰਿਪੋਰਟ ਤੱਕ ਮੁਅੱਤਲ ਕਰ ਦਿੱਤਾ ਗਿਆ ਸੀ। ਇਹ ਤਿੰਨ ਮੈਂਬਰ ਕੇ. ਜੈਕੁਮਾਰ, ਵਿਜੇ ਵਸੰਤ ਅਤੇ ਅਬਦੁਲ ਖਾਲਿਕ ਹਨ, ਜੋ ਨਾਅਰੇਬਾਜ਼ੀ ਕਰਨ ਲਈ ਸਪੀਕਰ ਦੇ ਮੰਚ 'ਤੇ ਚੜ੍ਹ ਗਏ ਸਨ।

# ਰਾਜ ਸਭਾ 'ਚ ਵਿਰੋਧੀ ਧਿਰ ਦੇ 45 ਮੈਂਬਰ ਸਦਨ 'ਚੋਂ ਮੁਅੱਤਲ

ਨਵੀਂ ਦਿੱਲੀ:-ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਕਰੀਬ 45 ਮੈਂਬਰਾਂ ਨੂੰ ਸੰਸਦ ਦੀ ਸੁਰੱਖਿਆ ਦੀ ਉਲੰਘਣਾ ਦੇ ਮੁੱਦੇ 'ਤੇ ਨਾਅਰੇਬਾਜ਼ੀ ਕਰਨ ਅਤੇ ਕਾਰਵਾਈ ਵਿੱਚ ਵਿਘਨ ਪਾਉਣ ਤੋਂ ਬਾਅਦ ਚੇਅਰਮੈਨ ਦੇ ਨਿਰਦੇਸ਼ਾਂ 'ਤੇ ਸਦਨ ਵਿੱਚੋਂ ਮੁਅੱਤਲ ਕਰ ਦਿੱਤਾ ਗਿਆ। ਮੁਅੱਤਲ ਕੀਤੇ ਗਏ ਮੈਂਬਰਾਂ ਵਿੱਚ ਕਾਂਗਰਸ ਦੇ ਸੰਸਦ ਮੈਂਬਰ ਪ੍ਰਮੋਦ ਤਿਵਾੜੀ, ਜੈਰਾਮ ਰਮੇਸ਼, ਕੇਸੀ ਵੇਣੂਗੋਪਾਲ ਅਤੇ ਰਣਦੀਪ ਸਿੰਘ ਸੁਰਜੇਵਾਲਾ ਅਤੇ ਸਮਾਜਵਾਦੀ ਪਾਰਟੀ ਦੇ ਰਾਮ ਗੋਪਾਲ ਯਾਦਵ ਸ਼ਾਮਲ ਹਨ।

Full Cleaning Service

ਦਫਤਰ, ਨਵੇਂ ਪੁਰਾਣੇ ਘਰ ਦੀ ਤਸੱਲੀਬਖਸ਼ ਸਫਾਈ ਕਰਦੇ ਹਾਂ।ਵੀਕਐਂਡ ਅਤੇ ਸ਼ਾਮ ਨੂੰ ਵੀ ਸੇਵਾਵਾਂ ਦਿੰਦੇ ਹਾਂ।

ਹੋਰ ਜਾਣਕਾਰੀ ਲਈ ਫੋਨ ਕਰੋ

604-518-4698

THE GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT

Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ

604-599-4342

Fax: 604-599-4818
Email: grandtaj@grandtaj.com
www.grandtaj.com

Our Facilities Are Perfect For:

WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

# ਕਵਿਤਾਵਾਂ

## ਕਵਿਤਾ

ਸੁਰਜੀਤ ਸਰਨਾ

ਨਾਲ ਫ਼ਕੀਰਾਂ ਦੇ ਜਾਣਾ
ਅਸਾਂ ਨਾਲ ਫ਼ਕੀਰਾਂ ਦੇ ਜਾਣਾ!
ਮੈਂ ਅੱਲ੍ਹੜ ਤੇ ਰਾਹ ਅਣਜਾਣਾ!
ਡੁੱਬ ਨਾ ਜਾਣਾ ਤਰ ਨਾ ਜਾਣਾ!
ਪਰ ਨਾ ਪੈਰ ਏ ਪਿੱਛੇ ਪਾਣਾ!
ਅਸਾਂ ਨਾਲ ਫ਼ਕੀਰਾਂ ਦੇ ਜਾਣਾ!
ਪੋਲੇ ਪੈਰੀਂ ਵਿਚ ਹਨੇਰੇ!
ਚੁੱਪ ਚੁੱਪ ਜਾਣਾ,
ਛੁਪ ਛੁਪ ਜਾਣਾ!
ਦੀਵਾ ਨਹੀਂ ਜਗਾਣਾ!
ਅਸਾਂ ਨਾਲ ਫ਼ਕੀਰਾਂ ਦੇ ਜਾਣਾ!
ਅਸੀਂ ਨੈਣਾਂ ਦੇ ਭਿੱਤ ਖੋਲ੍ਹੇ,
ਜਾਦੂ ਉਸ ਦਾ ਅੱਖੀਆਂ ਰਾਹੀਂ,
ਸਾਡੇ ਸਿਰ ਚੜ੍ਹ ਬੋਲੇ!
ਉਹ ਤੇ ਮਨ ਦਾ ਮੀਤ ਸਲੋਨਾ,
ਕਰ ਇਕਰਾਰ ਨਿਭਾਣਾ!
ਅਸਾਂ ਨਾਲ ਫ਼ਕੀਰਾਂ ਦੇ ਜਾਣਾ!
ਡੂੰਘੀ ਰਾਤੇ, ਨੀਂਦ ਗੁਆਚੀ,
ਕਿੱਥੇ ਲੱਭਣ ਜਾਵਾਂ?
ਅਭੜਵਾਹੇ ਸੁਪਨੇ ਜਾਗੇ,
ਸੋਚਾਂ ਤੇ ਘਬਰਾਵਾਂ!
ਰੋਈਆਂ ਰਾਤਾਂ ਬੁਝ ਗਏ ਤਾਰੇ,
ਸੁੰਞੇ ਮਨ ਦੇ ਮਹਿਲ ਮੁਨਾਰੇ!
ਰਾਹ ਗਲੀਆਂ ਵੀ ਸੁੰਨੇ ਸਾਰੇ।
ਦਿਲ ਨਾ ਮੰਨਦਾ ਕੋਈ ਬਹਾਨਾ!
ਅਸਾਂ ਨਾਲ ਫ਼ਕੀਰਾਂ ਦੇ ਜਾਣਾ!
ਉਹ ਤੇ ਮਨ ਦਾ ਮਹਿਰਮ ਸਾਡਾ,
ਉਸ ਬਿਨਾ ਕਿੰਜ ਰਹੀਏ,
ਇਕ ਦੂਜੇ ਦੇ ਦਿਲ ਦੀਆਂ ਗੱਲਾਂ,
ਬਿਨ ਕਿਹਾਂ ਬੁੱਝ ਲਈਏ।
ਉਹ ਤੇ ਸਾਡੇ ਦਿਲ ਦੀ ਧੜਕਣ!
ਉਸ ਬਿਨ ਸਾਹ ਨਾ ਆਣਾ!
ਅਸਾਂ ਨਾਲ ਫ਼ਕੀਰਾਂ ਦੇ ਜਾਣਾ!
ਟੁਰ ਜਾਣਾ ਏ, ਇਹ ਜਿੰਦ ਲੈ ਕੇ,
ਕੁਝ ਨਹੀਂ ਹੋਰ ਲੈ ਜਾਣਾ!
ਅਸਾਂ ਨਾਲ ਫ਼ਕੀਰਾਂ ਦੇ ਜਾਣਾ!

## ਕਵਿਤਾ

ਸੁਰਜੀਤ ਸਰਨਾ

ਕੋਈ ਦਵਾ ਦਾਰੂ ਕਰੀਏ
ਦਿਲਾਂ ਦੇ ਜ਼ਖ਼ਮ ਡੂੰਘੇ ਨੇ
ਦਿਲਾਂ ਦੇ ਮਰਮ ਡੂੰਘੇ ਨੇ
ਆਓ! ਕੋਈ ਦਵਾ ਕਰੀਏ
ਆਓ! ਕੋਈ ਉਪਾਅ ਕਰੀਏ
ਕੋਈ ਸਿਆਣਾ ਸਦਾ ਲਈਏ
ਕੋਈ ਟੂਣਾ ਕਰਾ ਲਈਏ
ਕੋਈ ਜਾਦੂ ਜਗਾ ਲਈਏ
ਜਦੋਂ ਵੀ ਪੀੜ ਉੱਠਦੀ ਏ
ਸਾਨੂੰ ਹੋਸ਼ ਨਾ ਰਹਿੰਦੀ।
ਜਦੋਂ ਤੂੰ ਯਾਦ ਆਉਂਦਾ ਏਂ
ਨੈਣੀਂ ਨੀਂਦ ਨਾ ਪੈਂਦੀ।
ਸੁਣਿਆ ਏ ਦਿਲਾਂ ਦੇ ਦਰਦ ਦਾ
ਦਾਰੂ ਨਹੀਂਓ ਕਿਧਰੇ
ਇਹ ਵੀ ਸੁਣਿਆ ਦਿਲਾਂ ਦੇ ਮਰਮ ਦਾ
ਮਹਿਰਮ ਨਹੀਂਓ ਕਿਧਰੇ
ਫਿਰ ਵੀ ਲੋਚੇ ਦਿਲ ਇਹ ਝੱਲਾ
ਕੋਈ ਸਿਆਣਾ ਸਦਾ ਲਈਏ
ਕੋਈ ਦਵਾ ਦਾਰੂ ਕਰਾ ਲਈਏ।

ਸੰਪਰਕ: 99718-46821

## ਪਿਆਰ ਬੀਜੋ

ਜੋਧ ਸਿੰਘ ਮੋਗਾ

ਨਫ਼ਰਤਾਂ ਦੇ ਬੀਜ ਬੀਜੋਗੇ, ਬੜਾ ਪਛਤਾਉਗੇ,
ਜ਼ਖ਼ਮ ਪੀੜਾ ਸਹੋਗੇ ਤੇ ਦੁੱਖ ਹੰਢਾਉਗੇ।
ਪਿਆਰ ਬੀਜੋ ਹੈ ਮੇਰੀ ਛੋਟੀ ਸਲਾਹ,
ਖ਼ੁਸ਼ੀਆਂ ਦੀ ਮਿੱਠੀ ਮਹਿਕ ਭਰ, ਜੰਨਤ ਵਸਾਉਗੇ।
ਕੰਡਿਆਂ ਭਰੀ ਨਫ਼ਰਤ 'ਤੇ, ਦਾਤੀ ਚਲਾਉਣਾ ਸਿੱਖ ਲਵੋ,
ਫੁੱਲਾਂ ਭਰੀ ਗੁਲਜ਼ਾਰ ਨੂੰ ਤਾਂ ਹੀ ਬਚਾਉਗੇ।
ਪਿਆਰੇ ਦੁਲਾਰੇ ਦਿਸਣਗੇ, ਦੁਸ਼ਮਣ ਰਕੀਬ,
ਪਿਆਰ ਦਾ ਸ਼ੱਫ਼ਾਫ਼ ਚਸ਼ਮਾ, ਜਦੋਂ ਅੱਖਾਂ 'ਤੇ ਲਾਉਗੇ।
ਹਿਟਲਰਾਂ, ਹੱਲਾਕੂਆਂ ਨੂੰ ਵੀ ਯਾਦ ਕਰ ਲੈਂਦੇ ਨੇ ਲੋਕ,
ਪਰ ਕਿਸ ਤਰ੍ਹਾਂ? ਸੋਚੋ, ਵਿਚਾਰੋ, ਜਾਣ ਜਾਉਗੇ।
ਬੁੱਧ, ਨਾਨਕ ਤੇ ਟਰੇਸਾ, ਨੇ ਜੋ ਦਿੱਤਾ ਸਬਕ ਸੀ,
ਭੁੱਲ ਗਿਆ ਹੈ, ਕਰੋ ਚੇਤੇ, ਤਾਂ ਹੀ ਜੱਗ ਬਦਲਾਉਗੇ।
ਪਿਆਰ ਤਕੜਾ ਹੈ ਕਿ ਨਫ਼ਰਤ, ਕੁਸ਼ਤੀ ਕਰਾ ਕੇ ਦੇਖ ਲੋ,
ਨਫ਼ਰਤ ਨਸ਼ੀਲੀ ਢਹਿ ਜਾਊ, ਪਿਆਰ ਜੇਤੂ ਪਾਉਗੇ।
ਅਬੂਬਿਨ ਅਦਮ ਦੀ ਕਹਾਣੀ ਮਨ ਵਸਾ ਕੇ ਰੱਖ ਲਵੋ,
ਰੱਬ ਦੀ ਦਰਗਾਹ 'ਚ ਤਾਂ ਹੀ ਮਾਣ ਇੱਜ਼ਤ ਪਾਉਗੇ।

## ਧਰਤ

ਭੁਪਿੰਦਰ ਫ਼ੌਜੀ

ਮੁਹੱਬਤ ਦਾ ਪਾਣੀ ਲਾਈਏ,
ਚਿਰਾਂ ਤੋਂ ਧਰਤ ਪਈ ਬੰਜਰ ਨੂੰ।
ਮੈਂ ਜਾ ਆਇਆ ਹਾਂ ਮਸਜਿਦ,
ਤੂੰ ਵੀ ਹੋ ਆ ਮੰਦਰ ਨੂੰ।
ਉਹ ਤਾਂ ਲਾਂਬੂ ਲਾਉਂਦੇ ਰਹੇ,
ਸਦੀਆਂ ਤੋਂ ਨੇ ਇੱਥੇ,
ਧਰਮਾਂ ਦੇ ਨਾਂ 'ਤੇ ਨਫ਼ਰਤ,
ਬਹੁਤ ਸਹਿ ਲਿਆ ਇਸ ਮੰਜ਼ਰ ਨੂੰ।
ਲਹੂ ਵਹਿ ਤੁਰਦਾ ਅੱਜ ਵੀ,
ਅੱਖਾਂ ਵਿੱਚੋਂ ਜਦ ਦੇਖਾਂ,
ਉੱਜੜੇ ਘਰ ਲਟਕਣ ਤਾਲੇ,
ਹੋਈ ਹਵੇਲੀ ਖੰਡਰ ਨੂੰ।
ਜਾਤਾਂ ਦੇ ਨਾਂ ਉਨ੍ਹਾਂ,
ਗੁਰਦੁਆਰੇ ਮਸਜਿਦ ਮੰਦਰ ਬਣਾ ਦਿੱਤੇ,
ਮੂੰਹ 'ਚ ਵਾਹਿਗੁਰੂ ਅੱਲ੍ਹਾ ਰਾਮ,
ਕੱਛ 'ਚ ਲਈ ਫਿਰਦੇ ਖੰਜਰ ਨੂੰ।
ਚੱਲੋ ਰਲ-ਮਿਲ ਇੱਥੇ,
ਮੁਹੱਬਤਾਂ ਦੇ ਅੱਜ ਫੁੱਲ ਉਗਾਈਏ,
ਵੰਡ ਲਈ ਬਹੁਤੀ ਧਰਤੀ ਆਪਾਂ,
ਨਾ ਵੰਡੀਏ ਹੁਣ ਅੰਬਰ ਨੂੰ।
ਜਾਤ-ਪਾਤ ਨਸਲ ਧਰਮਾਂ ਦੇ,
ਵਿਤਕਰੇ ਹੁਣ ਮਿਟਾ ਦੇਈਏ,
ਇਕੱਠੇ ਬੈਠ ਛਕੀਏ 'ਫ਼ੌਜੀ',
ਨਾਨਕ ਦੇ ਉਸ ਲੰਗਰ ਨੂੰ।

ਸੰਪਰਕ: 98143-98762






# FRASERVIEW MEATS

FRASERVIEW MEATS
Fresh tastes better

*The Name of Guaranteed Quality Meats*



*Number One Quality Meat in Lower Mainland*

We also sell cooked chicken
We take orders for all occassion

Serving You Since 1993



Jagir S. Nagra

Try our Special Chicken Tikkar

**604-592-2900**

#102-12047-80th Ave. Surrey (Besides Mega Fruticana)
www.fraserviewmeats.com



# Rai Express Lines Ltd.



## Hiring

Team Owner Operators

- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

**Call today 604-503-6900**

Email-kal@raiexpresslines.com www. raiexpressline.com

Unit 125-7475 135th Street, BC V3W 0M8



ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

# ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ

ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ
150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਯੂ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

**778-928-4522, 778-565-4141, 778-565-3232**


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
Boxing Day Special Sale
3 PCS Set $1150
2 PCS SOFA & LOVE SEAT $1550
2 PCS SOFA & LOVE SEAT $1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ਼ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# LANGLEY
## BANQUET HALL



ਵਿਆਹ-ਸ਼ਾਦੀ, ਜਨਮ ਦਿਨ
ਜਾ ਹੋਰ ਕਿਸੇ ਵੀ ਖੁਸ਼ੀ ਦੇ
ਮੌਕੇ 'ਤੇ ਪਾਰਟੀ ਆਦਿ ਲਈ
ਲੈਂਗਲੀ
ਬੈਂਕੁਇਟ ਹਾਲ
ਬੁੱਕ ਕਰੋ।

- Wedding • Corporate Events
- Private Dinner • Bithday Parties
- Gurudwara and Live Catering

ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ
ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।

Call:Davinder Grewal
**604-537-9759**
info@langleybanquethall.com
3227 264 St UNIT #6, Aldergrove, BC V4W 2X3



ਇੰਡੋ-ਕੈਨੇਡਾ ਟਰੈਵਲ ਏਜੰਸੀ
# INDO CANADA TRAVEL AGENCY



ਘੱਟ ਕਿਰਾਇਆ - ਸਹੀ ਸਲਾਹ
*Best Airfares with Quality Assistance*
ਇੰਡੀਆ ਅਤੇ ਦੁਨੀਆਂ ਭਰ ਵਿੱਚ ਕਿਤੇ ਵੀ ਜਾਣ-ਆਉਣ ਲਈ
ਸਪੈਸ਼ਲ ਰੇਟ ਤੇ ਟਿੱਕਟਾਂ ਖ਼ਰੀਦੋ
+1 604 388 9696 , 604 503 8011
#217-8028-128St, Surrey, BC
(Little India Plaza) (Second Floor)



# .Ck Auto.
## CK AUTO SERVICES LTD.

SALE
BUY 4 TIRES & GET
ALLIGNMENT AT 1/2 PRICE
FLAT TYRE REPAIR FREE

NEW




40% off
ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

Clearance Sale
*Limited Quantity
On All Seasons & Winter Tires
(Auplus & Comforser)


TARSHOTAM BIRAN

215/70R16
COMFORSER
Reg: ~~$155.00~~
Now : $70.00



235/65R17
COMFORSER
Reg: ~~$220.00~~
Now : $95.00



245/65R17
COMFORSER
Reg: ~~$240.00~~
Now : $100.00



215/70R15
GOOD YEAR INTEGRITY
Reg: ~~$120.00~~
Now : $90.00



SALE
Comforser
Size: 205/60/16
Reg Price: ~~$110~~
Sale Price : $55



Auplus
Size: 205/60/16
Reg Price: ~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ
ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

Cell: 778-322-1610, Tel: 604-592-2667 #106-13112-84th Ave.,Surrey